# ਜ਼ਰੂਰਾਤੁਲ ਇਮਾਮ

## (ਇਮਾਮ ਮਹਦੀ ਦੀ ਲੋੜ)

## ਲੇਖਕ

### ਸੁਲਤਾਨੁਲ ਕਲਮ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ
### ਕਾਦੀਆਨੀ ਮਸੀਹ ਮਊਦ ਵ ਮਹਦੀ ਮਾਹੂਦ ਅਲੈਹਿ ਸਲਾਮ

### ਅਨੁਵਾਦਕ
### ਗਿਆਨੀ ਸ਼ਮਸ਼ਾਦ ਅਹਮਦ ਅਦਨ ਬੀ.ਏ.ਬੀ.ਐਡ

### ਪ੍ਰਕਾਸ਼ਕ
### ਨਜ਼ਾਰਤ ਨਸ਼ਰੋ ਇਸ਼ਾਤ ਸਦਰ ਅੰਜੁਮਨ ਅਹਮਦੀਆ ਕਾਦੀਆਂ

ضرورۃ الامام

تصنیف لطیف: حضرت مرزاغلام احمد قادیانی مسیح موعود علیہ السلام

# ਜ਼ਰੂਰਾਤੁਲ ਇਮਾਮ

## (ਇਮਾਮ ਮਹਦੀ ਦੀ ਲੋੜ)

**ਲੇਖਕ :**

**ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ ਬਾਨੀ ਵਿਸ਼ਵਵਿਆਪੀ ਅਹਮਦੀਆ ਮੁਸਲਿਮ ਜਮਾਤ**

**ਅਨੁਵਾਦਕ : ਗਿਆਨੀ ਸ਼ਮਸ਼ਾਦ ਅਹਮਦ ਅਦਨ**

**ਪ੍ਰਕਾਸ਼ਕ : ਨਜ਼ਾਰਤ ਨਸ਼ਰੋ ਇਸ਼ਾਅਤ, ਸਦਰ ਅਜੁੰਮਨ ਅਹਮਦੀਆ ਕਾਦੀਆਂ-143516, ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ**

**ਸੰਸਕਰਣ ਪਹਿਲਾ : ਅਗਸਤ 2017**

**ਗਿਣਤੀ : 1000**

**ਛਾਪਕ : ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ**

Name of Book : ZARURATUL IMAM
(Imam Mahdi Di lorh)
Written BY : Hazrat Mirza Ghulam Ahmad Qadiani
Masih Maud w Mahdi mahood Alaihisslam
Punjabi Translation By : Giani Shamshad Ahmad Eden
Published By : Nazarat Nashro Ishaat,
Sadr Anjuman Ahmadiyya Qadian-143516,
District-Gurdaspur, Punjab (INDIA)
Eddition First : Oct. 2017
Copies : 1000

**ਵਧੇਰੀ ਜਾਨਕਾਰੀ ਲਈ ਟੋਲ ਫ਼੍ਰੀ : 18001802131**

# ਮੁੱਖਬੰਦ

ਰਸਾਲਾ ''ਜ਼ਰੂਰਾਤੁਲ ਇਮਾਮ'' (ਇਮਾਮ ਦੀ ਲੋੜ) ਅਧਿਆਤਮਕਤਾ ਅਤੇ ਸਚੱਾਈਆਂ ਦਾ ਖ਼ਜ਼ਾਨਾ ਹੈ ਜਿਸਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਕੇਵਲ ਡੇਢ ਦਿਨ ਵਿੱਚ ਲਿੱਖਿਆ ਜੋ ਅਕਤੂਬਰ 1898 ਈ. ਵਿੱਚ ਪ੍ਰਕਾਸ਼ਤ ਹੋਇਆ । ਇਸ ਨੂੰ ਲਿੱਖਣ ਦਾ ਇਹ ਕਾਰਨ ਹੈ ਕਿ ਇਕ ਮਿਤੱਰ ਹਜ਼ੂਰ ਅਲੈਹਿ ਸਲਾਮ ਕੋਲ ਆਏ ਅਤੇ ਉਹਨਾ ਨੇ ਆਪਣੇ ਕੁਝ ਸੁਪਨੇ ਅਤੇ ਇਲਹਾਮ (ਭਵਿਖਬਾਣੀਆਂ) ਹਜ਼ੂਰ ਨੂੰ ਸੁਣਾਏ ਅਤੇ ਇਕ ਅਜਿਹਾ ਸੁਪਨਾ ਵੀ ਸੁਣਾਇਆ ਜਿਸ ਤੋਂ ਪ੍ਰਗਟ ਹੁੰਦਾ ਸੀ ਕਿ ਉਹ ਇਮਾਮਤ ਦੇ ਮਰਤਬੇ ਦੀ ਸਚੱਾਈ ਤੋਂ ਅਨਜਾਣ ਹਨ । ਹਜ਼ੂਰ ਨੇ ਹਮਦਰਦੀ ਦੇ ਪੱਖੋਂ ਅਸਲ ਹਕੀਕਤ ਨੂੰ ਪ੍ਰਗਟ ਕਰਨ ਲਈ ਇਹ ਰਸਾਲਾ ਲਿੱਖਿਆ ।

ਇਨ ਰਸਾਲੇ ਵਿੱਚ ਹਜ਼ੂਰ ਅਲੈਹਿ ਸਲਾਮ ਨੇ ਅਤਿਅੰਤ ਸਿਥਾਰ ਤੇ ਸਰਲ ਢੰਗ ਨਾਲ ਦੱਸਿਆ ਹੈ ਕਿ ਇਸ ਬੁਲੰਦ ਮਰਤਬੇ ਲਈ ਉੱਚ ਆਚਰਣ, ਇਮਾਮਤ (ਅਗਵਾਈ) ਲਈ ਬੱਲ, ਗਿਆਨ ਦਾ ਵਿਸਥਾਰ, ਪੱਕਾ ਨਿਸ਼ਚਾ, ਰੱਬ ਦੀ ਦਰਗਾਹ ਵਿੱਚ ਪਰਵਾਨਗੀ ਦਾ ਬੱਲ ਅਤੇ ਦਿਵ ਗਿਆਨ ਦੇ ਨਾਲ ਚਮਤਕਾਰਾਂ ਦਾ ਲੜੀਵਾਰ ਹੋਣਾ ਜ਼ਰੂਰੀ ਹੈ ਜੋ ਆਪ ਵਿੱਚ ਰੱਬ ਨੇ ਇਕਤੱਰ ਕਰ ਦਿੱਤੇ ਹਨ । ਇਸ ਲਈ ਆਪ ਹੀ ਇਮਾਮੁਜ਼ੱਮਾਂ (ਸਮੇਂ ਦੇ ਇਮਾਮ ਜਾਂ ਅਵਤਾਰ) ਹਨ ਜਿੰਨਾ ਦੀ ਪੈਰ੍ਹਵੀ ਕਰਨਾ ਹਰ ਇਕ ਮੁਸਲਮਾਨ, ਵੈਰਾਗੀ,

ਤਪਸੱਵੀ, ਸੁਵਪੱਨ ਦ੍ਰਿਸ਼ਟਾ ਅਤੇ ਮੁਲਹਿਮਾ (ਇਲਹਾਮ ਪਾਉਣ ਵਾਲੇ) ਭਵਿੱਖਬਾਣੀ ਕਰਨ ਵਾਲਿਆਂ ਲਈ ਫ਼ਰਜ਼ ਕਰ ਦਿੱਤਾ ਗਿਆ ਹੈ ।

ਇਸ ਰਸਾਲੇ ਵਿੱਚ ਆਪ ਜੀ ਨੇ ਸੱਚੇ ਇਲਹਾਮ ਦੀਆਂ ਦਸ ਸਪਸ਼ਟ ਅਲਾਮਤਾਂ ਵਰਨਣ ਕੀਤੀਆਂ ਹਨ ਜਿੰਨਾ ਨਾਲ ਸ਼ੈਤਾਨੀ ਤੇ ਰਹਿਮਾਨੀ ਇਲਹਾਮਾਂ ਦਾ ਅੰਤਰ ਸਪਸ਼ਟ ਹੋ ਜਾਂਦਾ ਹੈ ।

ਇਸ ਲਈ ਨਜ਼ਾਰਤ ਨਸ਼ਰੋ ਇਸ਼ਾਅਤ ਪ੍ਰਕਾਸ਼ਨ ਵਿਭਾਗ ਸਦਰ ਅੰਜੁਮਨ ਅਹਮਦੀਆ ਇਸ ਰਸਾਲੇ ਦੀ ਮਹਾਨਤਾ ਤੇ ਲੋੜ ਨੂੰ ਦੇਖਦਿਆ ਹੋਇਆ ਪੰਜਾਬੀ ਜਾਣਦੇ ਵੀਰਾਂ ਲਈ ਇਸ ਦਾ ਪੰਜਾਬੀ ਅਨੁਵਾਦ ਪ੍ਰਮਾਸ਼ਤ ਕਰ ਰਹੀ ਹੈ ।

ਨਜ਼ਾਰਤ ਨਸ਼ਰੋ ਇਸ਼ਾਅਤ
ਸਦਰ ਅੰਜੁਮਨ ਅਹਮਦੀਆ ਕਾਦੀਆਂ

# ضَرُوْرَۃُ الامَام

# ਜ਼ਰੂਰਾਤੁਲ ਇਮਾਮ

## (ਇਮਾਮ ਦੀ ਲੋੜ)

بِسۡمِ اللّٰہِ الرَّحۡمٰنِ الرَّحِیۡمِ
**ਬਿਸਮਿਲੱਾ ਹਿਰ ਰਹਮਾ ਨਿਰੱਹੀਮ**

الحمد للّٰہ وسلام علی عبادہ الذین اصطفٰی
**ਅਲਹਮਦੁ ਲਿਲੱਾਹੇ ਵ ਸਲਾਮੁਨ ਅਲਾ ਇਬਾਦਿਲੱਾ ਹਿਲੱਜ਼ੀ ਨਸਤਫ਼ਾ**

**ਅਲੱਾਹ ਤਆਲਾ ਦੀ ਸਿਫ਼ਤ ਸਨਾਹ ਮਗਰੋਂ ਸਪਸ਼ਟ ਹੋਵੇ ਕਿ ਸਹੀ ਹਦੀਸਾਂ ਤੋਂ ਪ੍ਰਮਾਣਤ ਹੈ[1] ਕਿ ਜੋ ਮਨੁੱਖ ਆਪਣੇ ਜ਼ਮਾਨੇ ਦੇ ਇਮਾਮ ਨੂੰ**

---

[1] حدثنا عبداللہ حدثنی أبی حدثنا اسود بن عامر انا أبوبکر عن عاصم عن أبی صالح عن معاویۃ۔ قال قال رسول اللہ صلی اللہ علیہ وسلم من مات بغیر امام مات میتۃ جاھلیۃ۔ صفحہ نمبر ۹۶ جلد نمبر ۴ مسند احمد* و اخرجہ احمد والترمذی و ابن خزیمۃ و ابن حبان و صحّحہ من حدیث الحارث الاشعری بلفظ من مات ولیس علیہ امام جماعۃ فان موتتہ موتۃ جاھلیۃ۔ ورواہ الحاکم من حدیث بن عمرو من حدیث معاویۃ ورواہ البزّار من حدیث ابن عباس۔

ਸ਼ਨਾਖ਼ਤ (ਪਛਾਣ) ਨ ਕਰੇ ਉਸਦੀ ਮੌਤ ਜਾਹਲ ਦੀ ਮੌਤ ਹੁੰਦੀ ਹੈ । ਇਹ ਹਦੀਸ ਇਕ ਸੰਜਮੀ (ਮੁਤੱਕੀ) ਦੇ ਦਿਲ ਨੂੰ ਸਮੇਂ ਦੇ ਇਮਾਮ ਦਾ ਤਾਲਬ (ਜਾਚਕ) ਬਣਾਉਣ ਲਈ ਬਹੁਤ ਹੋ ਸਕਦੀ ਹੈ ਕਿਉਂਕਿ ਜਾਹਲ ਦੀ ਮੌਤ ਇਕ ਅਜਿਹਾ ਸਪਸ਼ਟ ਦੁਰਭਾਗ ਹੈ ਜਿਸਤੋਂ ਕੋਈ ਬਦੀ ਤੇ ਬੁਰਾਈ ਬਾਹਰ ਨਹੀਂ । ਇਸ ਲਈ ਇਸ ਨਬੀ ਦੀ ਵਸੀਯੱਤ ਅਨੁਸਾਰ ਜ਼ਰੂਰੀ ਹੈ ਕਿ ਹਰ ਇਕ ਸਚੱਾਈ ਦਾ ਤਾਲਬ ਇਮਾਮ ਸਾਦਕ ਦੀ ਭਾਲ ਵਿੱਚ ਲਗੱਾ ਰਹੇ ।

ਇਹ ਠੀਕ ਨਹੀਂ ਕਿ ਹਰ ਇਕ ਮਨੁੱਖ ਜਿਸਨੂੰ ਕੋਈ ਸਚੱਾ ਸੁਪਨਾ ਆਵੇ ਜਾਂ ਇਲਹਾਮ ਦਾ ਦਰ ਉਸ'ਤੇ ਖੁਲੱਾ ਹੋਵੇ, ਉਹ ਇਸ ਨਾਂ ਨਾਲ ਨਾਮਿਤ ਹੋ ਸਕਦਾ ਹੈ, ਸਗੋਂ ਇਮਾਮ ਦੀ ਹਕੀਕਤ ਕੋਈ ਹੋਰ ਸੰਪੂਰਨ ਕਾਰਜ, ਕਾਮਲ ਅਵਸਥਾ ਤੇ ਸੰਪੂਰਨ ਗੁਣ ਹਨ ਜਿੰਨ੍ਹਾ ਕਾਰਣਾ ਕਰਕੇ ਅਕਾਸ਼ ਉਪੱਰ ਉਸਦਾ ਨਾਂ ਇਮਾਮ ਹੈ ? ਅਤੇ ਇਹ ਤਾਂ ਸਪਸ਼ਟ ਹੈ ਕਿ ਕੇਵਲ ਤਕਵਾ ਤੇ ਤਹਾਰਤ (ਸੰਜਮਤਾ ਤੇ ਪਵਿਤੱਰਤਾ) ਕਰਕੇ ਕੋਈ ਮਨੁੱਖ ਇਮਾਮ ਨਹੀਂ ਅਖਵਾ ਸਕਦਾ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ

'ਵਜ ਅਲਨਾ ਲਿਲਮੁਤੱਾਕੀਨਾ ਇਮਾਮਾ' (وَاجْعَلْنَا لِلْمُتَّقِيْنَ اِمَامًا)

ਸੋ ਜੇਕਰ ਹਰ ਇਕ ਮੁਤੱਕੀ (ਸੰਜਮੀ) ਇਮਾਮ ਹੈ ਤਾਂ ਫਿਰ ਸਾਰੇ ਮੁਤੱਕੀ ਮੋਮਨ ਇਮਾਮ ਹੀ ਹੋਏ । ਫਿਰ ਇਹ ਗੱਲ ਆਇਤ ਦੇ ਅੰਤ੍ਰੀਵ ਭਾਵ ਦੇ ਖ਼ਿਲਾਫ਼ ਹੋਈ ਅਤੇ ਅਜਿਹਾ ਹੀ ਕੁਰਆਨ ਕਰੀਮ ਦੇ ਗੂੜ੍ਹ ਅਰਥਾਂ ਅਨੁਸਾਰ ਹਰ ਇਕ ਮੁਲਹਿਮ (ਇਲਹਾਮ ਪ੍ਰਾਪਤ ਕਰਨ ਵਾਲਾ) ਤੇ ਸੱਚੇ ਸੁਪਨੇ ਦੇਖਣ ਵਾਲਾ ਇਮਾਮ ਨਹੀਂ ਬਣ ਸਕਦਾ ਕਿਉਂਕਿ ਕੁਰਆਨ ਕਰੀਮ ਵਿੱਚ ਆਮ ਮੋਮਨਾਂ ਲਈ ਇਹ ਖ਼ੁਸ਼ਖ਼ਬਰੀ ਹੈ ਕਿ :

'ਲਹੁਮੁਲ ਬੁਸ਼ਰਾ ਫ਼ਿਲ ਹਿਯਾ ਤਿੱਦੁਨੀਆ' لَهُمُ الْبُشْرٰى فِى الْحَيٰوةِ الدُّنْيَا

ਅਰਥਾਤ ਸੰਸਾਰਕ ਜੀਵਨ ਵਿੱਚ ਮੋਮਨਾਂ ਨੂੰ ਇਹ ਨੇਮਤ ਮਿਲੇਗੀ ਕਿ ਅਧਿਕਤਰ ਸੱਚੇ ਸੁਪਨੇ ਉਹਨਾ ਨੂੰ ਆਇਆ ਕਰਨਗੇ ਜਾਂ ਸੱਚੇ ਇਲਹਾਮ

ਉਹਨਾਂ ਨੂੰ ਹੋਇਆ ਕਰਨਗੇ । ਫਿਰ ਕੁਰਆਨ ਕਰੀਮ ਵਿੱਚ ਇਕ ਹੋਰ ਥਾਂ ਫ਼ਰਮਾਇਆ ਹੈ ਕਿ :

(إِنَّ الَّذِينَ قَالُوا رَبُّنَا اللَّهُ ثُمَّ اسْتَقَامُوا تَتَنَزَّلُ عَلَيْهِمُ الْمَلَائِكَةُ أَلَّا تَخَافُوا وَلَا تَحْزَنُوا)

(حٰم السجدہ 31)

'ਇਨੱਲ ਲਜ਼ੀਨਾ ਕਾਲੂ ਰੱਬੁਨਲੱਾਹੁ ਸੁਮੱਸਤਕਾਮੂ ਤਾਤਾਨਜ਼ੱਾਲੁ ਅਲੈਹਿਮੁਲ ਮਲਾਇਕਾਤੁ ਅਲੱਾ ਤਖ਼ਾਫ਼ੂ ਵਲਾ ਤਹਜ਼ਾਨੂੰ' (ਹਾਮੀਮ ਸਜੱਦਾ 31)

ਅਰਥਾਤ ਜੋ ਲੋਕ ਅਲਾੱਹ ਉਪੱਰ ਇਮਾਨ ਲਿਆਉਂਦੇ ਹਨ ਅਤੇ ਫਿਰ ਸਿਥਰ ਰਹਿੰਦੇ ਹਨ । ਫ਼ਰਿਸ਼ਤੇ ਉਹਨਾਂ ਨੂੰ ਖ਼ੁਸ਼ਖ਼ਬਰੀ ਦੇ ਇਲਹਾਮ ਸੁਣਾਉਂਦੇ ਰਹਿੰਦੇ ਹਨ ਅਤੇ ਉਹਨਾਂ ਨੂੰ ਤਸੱਲੀ ਦਿੰਦੇ ਰਹਿੰਦੇ ਹਨ, ਜਿਵੇਂ ਕਿ ਹਜ਼ਰਤ ਮੂਸਾ ਅਲੈਹਿ ਸਲਾਮ ਦੀ ਮਾਂ ਨੂੰ ਇਲਹਾਮ ਰਾਹੀਂ ਤਸੱਲੀ ਦਿੱਤੀ ਗਈ । ਪਰ ਕੁਰਆਨ ਕਰੀਮ ਪ੍ਰਗਟ ਕਰ ਰਿਹਾ ਹੈ ਕਿ ਇਸ ਪ੍ਰਕਾਰ ਦੇ ਇਲਹਾਮ ਜਾਂ ਸੁਪਨੇ ਆਮ ਮੋਮਨਾਂ ਲਈ ਰੂਹਾਨੀ ਨੇਮਤ ਹਨ । ਫਿਰ ਭਾਵੇਂ ਉਹ ਪੁਰੁਸ਼ ਹੋਣ ਜਾਂ ਇਸਤਰੀ ਹੋਵੇ । ਇਹਨਾਂ ਇਲਹਾਮਾਂ ਨੂੰ ਪ੍ਰਾਪਤ ਕਰਕੇ ਉਹ ਲੋਕ ਸਮੇਂ ਦੇ ਇਮਾਮ ਤੋਂ ਮੁਕਤ ਨਹੀਂ ਹੋ ਸਕਦੇ ਅਤੇ ਅਧਿਕਤਰ ਇਹ ਇਲਹਾਮ ਉਹਨਾਂ ਦੇ ਆਪਣੇ ਬਾਰੇ ਹੁੰਦੇ ਹਨ ਅਤੇ ਗਿਆਨ ਦਾ ਵਾਧਾ ਉਹਨਾਂ ਰਾਹੀਂ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਮਹਾਨ ਚੈਲੰਜ ਦੇ ਯੋਗ ਹੁੰਦੇ ਹਨ, ਅਧਿਕਤਰ ਤਾਂ ਭਰੋਸੇ ਯੋਗ ਨਹੀਂ ਹੁੰਦੇ, ਸਗੋਂ ਕਈ ਵਾਰ ਠੋਕਰ ਖਾਣ ਦਾ ਕਾਰਣ ਬਣ ਜਾਂਦੇ ਹਨ । ਜੱਦ ਤੱਕ ਇਮਾਮ ਦੀ ਦਸਤਗੀਰੀ (ਮਦਦ) ਗਿਆਨ ਵਿੱਚ ਵਾਧਾ ਨਾ ਕਰੇ ਉਸ ਸਮੇਂ ਤੱਕ ਕਦੇ ਵੀ ਖ਼ਤਰਿਆਂ ਤੋਂ ਅਮਨ ਨਹੀਂ ਹੁੰਦਾ । ਇਸ ਗੱਲ ਦੀ ਗਵਾਹੀ ਇਸਲਾਮ ਵਿੱਚ ਹੀ ਮੌਜੂਦ ਹੈ । ਕਿਉਂਕਿ ਇਕ ਵਿਅਕਤੀ ਜੋ ਕੁਰਆਨ ਕਰੀਮ ਦਾ ਕਾਤਬ (ਲਿਖੱਣ ਵਾਲਾ ) ਸੀ ਉਸਨੂੰ ਕਈ ਵਾਰ ਨੂਰੇ ਨਬੁਵੱਤ ਦੀ ਨੇੜਤਾ ਕਰਕੇ ਕੁਰਆਨ ਕਰੀਮ ਦੀ ਆਇਤ ਦਾ ਉਸ ਸਮੇਂ ਇਲਹਾਮ ਹੋ ਜਾਂਦਾ ਸੀ ਜੱਦ ਇਮਾਮ ਅਰਥਾਤ ਨਬੀ ਅਲੈਹਿ ਸਲਾਮ ਉਹ ਆਇਤ ਲਿਖਵਾਉਣਾ

ਚਾਹੁੰਦੇ ਸਨ । ਇਕ ਦਿਨ ਉਸਨੇ ਖ਼ਿਆਲ ਕੀਤਾ ਕਿ ਮੇਰੇ ਵਿੱਚ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਵਿੱਚ ਕੀ ਅੰਤਰ ਹੈ । ਮੈਨੂੰ ਵੀ ਇਲਹਾਮ ਹੁੰਦਾ ਹੈ । ਇਸ ਖ਼ਿਆਲ ਨਾਲ ਉਹ ਹਲਾਕ ਕੀਤਾ ਗਿਆ, ਅਤੇ ਲਿੱਖਆ ਹੈ ਕਿ ਕਬਰ ਨੇ ਵੀ ਉਸਨੂੰ ਬਾਹਰ ਸੁੱਟ ਦਿੱਤਾ । ਜਿਵੇਂ ਕਿ ਬਲਅਮ ਹਲਾਕ ਕੀਤਾ ਗਿਆ । ਪਰ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੂੰ ਵੀ ਇਲਹਾਮ ਹੁੰਦਾ ਸੀ, ਉਹਨਾਂ ਨੇ ਆਪਣੇ ਆਪ ਨੂੰ ਕੋਈ ਚੀਜ਼ ਵੀ ਨਾ ਸਮਝਿਆ ਅਤੇ ਸੱਚੀ ਇਮਾਮਤ ਜੋ ਅਕਾਸ਼ਾਂ ਦੇ ਰੱਬ ਨੇ ਧਰਤੀ ਉਪੱਰ ਕਾਇਮ ਕੀਤੀ ਸੀ ਉਸਦਾ ਸ਼ਰੀਕ ਬਣਨਾ ਨਾ ਚਾਹਿਆ, ਸਗੋਂ ਆਪਣੇ ਆਪ ਨੂੰ ਅਦਨਾ ਚਾਕਰ ਤੇ ਗ਼ੁਲਾਮ ਮਿਥਿਆ । ਇਸ ਲਈ ਰੱਬ ਦੀ ਅਥਾਹ ਕਿਰਪਾ ਦ੍ਰਿਸ਼ਟੀ ਨੇ ਉਹਨਾਂ ਨੂੰ ਹਕੀਕੀ ਇਮਾਮਤ ਦਾ ਨਾਇਬ (ਉਤਰਾਧਿਕਾਰੀ) ਬਣਾ ਦਿੱਤਾ । ਅਵੀਸ ਕਰਨੀ ਨੂੰ ਵੀ ਇਲਹਾਮ ਹੁੰਦਾ ਸੀ ਉਸਨੇ ਅਜਿਹੀ ਮਿਸਕੀਨੀ ਅਪਣਾਈ ਕਿ ਨਬੁਵੱਤ ਦੇ ਸੂਰਜ ਤੇ ਇਮਾਮ ਦੇ ਸਾਹਮਣੇ ਆਉਣਾ ਵੀ ਅਦਬ ਦੇ ਖ਼ਿਲਾਫ਼ ਸਮਝਿਆ । ਸਯੱਦਨਾ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਅਨੇਕਾਂ ਵਾਰੀ ਯਮਨ ਵੱਲ ਮੂੰਹ ਕਰਕੇ ਫ਼ਰਮਾਇਆ ਕਰਦੇ ਸਨ ਕਿ (اجد ریح الرحمن من قبل الیمن) ਅਰਥਾਤ ਮੈਨੂੰ ਯਮਨ ਵੱਲੋਂ ਰੱਬ ਦੀ ਖ਼ੁਸ਼ਬੋ ਆਉਂਦੀ ਹੈ । ਇਹ ਇਸ ਗੱਲ ਵੱਲ ਸੰਕੇਤ ਸੀ ਕਿ ਅਵੀਸ ਵਿੱਚ ਰੱਬ ਦਾ ਨੂਰ ਉਤਰਿਆ ਹੈ । ਪਰ ਦੁੱਖ ਦੀ ਗੱਲ ਹੈ ਕਿ ਇਸ ਜ਼ਮਾਨੇ ਵਿੱਚ ਅਧਿਕਤਰ ਲੋਕ ਸੱਚੇ ਇਮਾਮ ਦੀ ਲੋੜ ਨਹੀਂ ਸਮਝਦੇ ਅਤੇ ਇਕ ਸੱਚਾ ਸੁਪਨਾ ਆਉਣ ਨਾਲ ਜਾਂ ਕੁਝ ਇਲਹਾਮੀ ਵਾਕਾਂ ਨਾਲ ਖ਼ਿਆਲ ਕਰ ਲੈਂਦੇ ਹਨ ਕਿ ਸਾਨੂੰ ਸਮੇਂ ਦੇ ਇਮਾਮ ਦੀ ਲੋੜ ਨਹੀਂ, ਕੀ ਅਸੀਂ ਕੁਝ ਘੱਟ ਹਾਂ । ਇਹ ਵੀ ਨਹੀਂ ਵਿਚਾਰਦੇ ਕਿ ਅਜਿਹਾ ਵਿਚਾਰ ਨਿਰਾ ਪਾਪ ਹੈ । ਕਿਉਂਕਿ ਸਾਡੇ ਨਬੀ ਸਲਲੱਾਹੋ ਅਲੈਹਿ ਵਸਲੱਮ ਨੇ ਜ਼ਮਾਨੇ ਦੇ ਇਮਾਮ ਦੀ ਲੋੜ ਹਰ ਇਕ ਸਦੀ ਲਈ ਕਾਇਮ ਕੀਤੀ ਹੈ ਅਤੇ ਸਪਸ਼ਟ ਆਖਿਆ ਹੈ ਕਿ ਜੋ ਮਨੁੱਖ ਇਸ ਹਾਲਤ ਵਿੱਚ ਖ਼ੁਦਾ ਤਆਲਾ ਵੱਲ ਆਇਗਾ ਕਿ ਉਸਨੇ ਆਪਣੇ ਜ਼ਮਾਨੇ ਦੇ ਇਮਾਮ ਨੂੰ

ਸ਼ਨਾਖ਼ਤ ਨਾ ਕੀਤਾ ਉਹ ਅੰਨ੍ਹਾ ਆਇਗਾ ਅਤੇ ਜਾਹਲ ਦੀ ਮੌਤ ਮਰੇਗਾ । ਇਸ ਹਦੀਸ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਕਿਸੇ ਇਲਹਾਮ ਪਾਉਣ ਵਾਲੇ ਜਾਂ ਸੱਚੇ ਸੁਪਨੇ ਦੇਖਣ ਵਾਲਿਆਂ ਨੂੰ ਮੁਕਤ ਨਹੀਂ ਕੀਤਾ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਕੋਈ ਮੁਲਹਿਮ (ਇਲਹਾਮ ਪਾਉਣ ਵਾਲਾ) ਹੋਵੇ ਜਾਂ ਸੱਚੇ ਸੁਪਨੇ ਦੇਖਣ ਵਾਲਾ ਹੋਵੇ, ਜੇਕਰ ਉਹ ਸਮੇਂ ਦੇ ਇਮਾਮ ਦੇ ਸਿਲਸਿਲੇ ਵਿੱਚ ਦਾਖ਼ਲ ਨਹੀਂ ਤਾਂ ਉਸਦਾ ਅੰਤ ਖ਼ਤਰਨਾਕ ਹੈ ਕਿਉਂਕਿ ਸਪਸ਼ਟ ਹੈ ਕਿ ਇਸ ਹਦੀਸ ਦੇ ਸੰਬੋਧਨ ਸਾਰੇ ਮੋਮਨ ਤੇ ਮੁਸਲਮਾਨ ਹਨ ਅਤੇ ਉਹਨਾ ਵਿੱਚ ਹਰ ਇਕ ਯੁੱਗ ਵਿੱਚ ਹਜ਼ਾਰਾਂ ਹੀ ਸੱਚੇ ਨੁਪਨੇ ਦੇਖਣ ਵਾਲੇ ਤੇ ਮੁਲਹਿਮ (ਇਲਹਾਮ ਪਾਉਣ ਵਾਲੇ) ਵੀ ਹੁੰਦੇ ਹਨ, ਸਗੋਂ ਸੱਚ ਤਾਂ ਇਹ ਹੈ ਕਿ ਉਮੱਤੇ ਮੁਹਮੱਦੀਆ ਵਿੱਚ ਕਈ ਕਰੋੜ ਅਜਿਹੇ ਬੰਦੇ ਹੋਣਗੇ ਜਿੰਨ੍ਹਾ ਨੂੰ ਇਲਹਾਮ ਹੁੰਦਾ ਹੋਵੇਗਾ । ਫਿਰ ਇਸ ਤੋਂ ਬਿਨਾਂ ਹਦੀਸਾਂ ਤੇ ਕੁਰਆਨ ਕਰੀਮ ਤੋਂ ਵੀ ਪ੍ਰਮਾਣਤ ਹੈ ਕਿ ਜ਼ਮਾਨੇ ਦੇ ਇਮਾਮ ਦੇ ਸਮੇਂ ਜੇਕਰ ਕਿਸੇ ਨੂੰ ਕੋਈ ਸੱਚੇ ਨੁਪਨੇ ਜਾਂ ਕੋਈ ਇਲਹਾਮ ਹੁੰਦਾ ਹੈ ਤਾਂ ਉਹ ਹਕੀਕਤ ਵਿੱਚ ਜਮਾਨੇ ਦੇ ਇਮਾਮ ਦਾ ਹੀ ਪ੍ਰਤੀਬਿੰਬ ਹੁੰਦਾ ਹੈ ਜੋ ਤਤੱਪਰ ਦਿਲਾਂ ਉਪੱਰ ਪੈਂਦਾ ਹੈ । ਹਕੀਕਤ ਇਹ ਹੈ ਕਿ ਜੱਦ ਦੁਨੀਆ ਵਿੱਚ ਕੋਈ ਸਮੇਂ ਦਾ ਇਮਾਮ ਆਉਂਦਾ ਹੈ ਤਾਂ ਹਜ਼ਾਰਾਂ ਹੀ ਨੂਰ ਉਸਦੇ ਨਾਲ ਆਉਂਦੇ ਹਨ ਅਤੇ ਅਕਾਸ਼ਾਂ ਵਿੱਚ ਇਕ ਹਰਸ਼ ਤੇ ਖ਼ੁਸੀ ਪੈਦਾ ਹੋ ਜਾਂਦੀ ਹੈ, ਰੂਹਾਨੀਯਤ ਦਾ ਸ਼ੋਰ ਤੇ ਨੂਰ ਦਾ ਪਸਾਰਾ ਹੋਕੇ ਨਵੀਂ ਪਾਤਰਤਾ ਤੇ ਯੋਗਤਾਵਾਂ ਜਾਗ ਉਠਦੀਆਂ ਹਨ । ਇਸ ਲਈ ਜੋ ਮਨੁੱਖ ਇਲਹਾਮ ਦੀ ਯੋਗਤਾ ਰੱਖਦਾ ਹੈ ਉਸਦੇ ਜਤਨਾਂ ਤੇ ਵਿਚਾਰਨ ਦੀ ਸ਼ਕਤੀ ਨੂੰ ਵਧਾਇਆ ਜਾਂਦਾ ਹੈ ਅਤੇ ਜਿਸਨੂੰ ਇਬਾਦਤ ਦੀ ਰਗ਼ਬਤ ਹੋਵੇ ਉਸਨੂੰ ਬੰਦਗੀ ਅਤੇ ਉਪਾਸਨਾ ਵਿੱਚ ਆਨੰਦ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਜੋ ਮਨੱਖ ਗ਼ੈਰ ਕੌਮਾਂ ਨਾਲ ਮੁਬਾਹਿਸੇ ਜਾਂ ਵਾਰਤਾਲਾਪ ਕਰਦਾ ਹੈ ਉਸਨੂੰ ਤਰਕ ਵਿਤਰਕ ਤੇ ਪ੍ਰਮਾਣਤ ਕਰਨ ਦਾ ਬਲ ਬਖ਼ਸ਼ਿਆ ਜਾਂਦਾ ਹੈ । ਇਹ ਸਾਰੀਆਂ ਗੱਲਾਂ ਹਕੀਕਤ ਵਿੱਚ ਉਸੇ ਰੂਹਾਨੀ ਸ਼ੋਰ ਦਾ ਸਿੱਟਾ ਹੁੰਦਾ ਹੈ ਜੋ ਜ਼ਮਾਨੇ ਦੇ ਇਮਾਮ ਦੇ ਨਾਲ ਨਾਲ ਅਕਾਸ਼ ਤੋਂ ਉਤਰਦਾ

ਹੈ ਅਤੇ ਹਰ ਇਕ ਜਤਨਸ਼ੀਲ ਦਿਲ ਉਪੱਰ ਨਾਜ਼ਲ ਹੁੰਦਾ ਹੈ, ਅਤੇ ਇਹ ਇਕ ਆਮ ਕਾਨੂਨ ਤੇ ਇਲਾਹੀ ਢੰਗ ਹੈ ਜੋ ਸਾਨੂੰ ਕੁਰਆਨ ਕਰੀਮ ਅਤੇ ਸਹੀ ਹਦੀਸਾਂ ਦੀ ਰਾਹ ਨੁਮਾਈ (ਮਾਰਗ ਦਰਸ਼ਨ) ਨਾਲ ਮਾਲੂਮ ਹੁੰਦਾ ਹੈ । ਜ਼ਾਤੀ ਤਜਰਬਿਆਂ ਨੇ ਇਸਦਾ ਅਵਲੋਕਣ ਕਰਾਇਆ ਹੈ, ਪਰ ਮਸੀਹ ਮਊਦ ਦੇ ਜ਼ਮਾਨੇ ਨੂੰ ਇਸ ਤੋਂ ਵੀ ਵੱਧ ਕੇ ਇਕ ਵਿਸ਼ੇਸ਼ਤਾ ਹੈ ਅਤੇ ਉਹ ਇਹ ਕਿ ਪਹਿਲੇ ਨਬੀਆਂ ਦੀਆਂ ਕਿਤਾਬਾਂ ਅਤੇ ਨਬੀ ਕਰੀਮ ਦੀਆਂ ਹਦੀਸਾਂ ਵਿੱਚ ਲਿੱਖਿਆ ਹੈ ਕਿ ਮਸੀਹ ਮਊਦ ਦੇ ਪ੍ਰਗਟ ਸਮੇਂ ਇਸ ਰੂਹਾਨੀ ਨੂਰ ਦਾ ਸ਼ੋਰ ਇਸ ਹੱਦ ਤੱਕ ਹੋਵੇਗਾ ਕਿ ਇਸਤਰੀਆਂ ਨੂੰ ਵੀ ਇਲਹਾਮ ਹੋਣਾ ਅਰੰਭ ਹੋ ਜਾਏਗਾ ਅਤੇ ਨਾਬਾਲਗ਼ ਬੱਚੇ ਵੀ ਨਬੁਵੱਤ ਕਰਨਗੇ ਆਮ ਲੋਕ ਵੀ ਰੂਹੁਲ ਕੁਦੁਸ (ਪਵਿੱਤਰ ਆਤਮਾ) ਨਾਲ ਬੋਲਣਗੇ । ਇਹ ਸਭ ਕੁਝ ਮਸੀਹ ਮਊਦ ਦੀ ਰੂਹਾਨੀਯਤ ਦਾ ਪ੍ਰਤੀਬਿੰਬ ਹੋਵੇਗਾ ਜਿਵੇਂ ਕਿ ਕੰਧ ਉਪੱਰ ਸੂਰਜ ਦੀ ਲੋ ਪੈਂਦੀ ਹੈ ਤਾਂ ਦੀਵਾਰ ਰੋਸ਼ਨ ਹੋ ਜਾਂਦੀ ਹੈ ਅਤੇ ਜੇਕਰ ਚੂਨਾ ਜਾਂ ਕਲੀ ਨਾਲ ਸੁਫ਼ੈਦੀ ਕੀਤੀ ਹੋਵੇ ਤਾਂ ਫਿਰ ਤਾਂ ਹੋਰ ਵੀ ਬਹੁਤੀ ਚਮਕਦੀ ਹੈ ਅਤੇ ਜੇਕਰ ਉਸ ਵਿੱਚ ਦਰਪਨ (ਸ਼ੀਸ਼ੇ) ਲਾਏ ਹੋਣ ਤਾਂ ਉਸਦੀ ਰੋਸ਼ਨੀ ਇੰਨ੍ਹੀਂ ਵੱਧਦੀ ਹੈ ਕਿ ਅੱਖਾਂ ਸਹਿਨ ਨਹੀਂ ਕਰ ਸਕਦੀਆਂ, ਪਰ ਦੀਵਾਰ ਇਹ ਦਾਵਾ ਨਹੀਂ ਕਰ ਸਕਦੀ ਕਿ ਇਹ ਸਭ ਕੁਝ ਜ਼ਾਤੀ ਤੌਰ'ਤੇ ਮੇਰੇ ਵਿੱਚ ਹੈ ਕਿਉਂਕਿ ਸੂਰਜ ਦੇ ਡੁਬੱਣ ਮਗਰੋਂ ਫਿਰ ਉਸ ਰੋਸ਼ਨੀ ਦਾ ਨਾਂ ਨਿਸ਼ਾਨ ਵੀ ਨਹੀਂ ਰਹਿੰਦਾ । ਸੋ, ਅਜਿਹਾ ਹੀ ਸਾਰੇ ਇਲਹਾਮੀ ਨੂਰ ਜ਼ਮਾਨੇ ਦੇ ਇਮਾਮ ਦੇ ਨੂਰ ਦਾ ਪ੍ਰਤੀਬਿੰਬ ਹੁੰਦਾ ਹੈ । ਜੇਕਰ ਕਿਸਮਤ ਦਾ ਕੋਈ ਫੇਰ ਨਾ ਹੋਵੇ ਅਤੇ ਰੱਬ ਵੱਲੋਂ ਕੋਈ ਪ੍ਰੀਖਿਆ ਨਾ ਹੋਵੇ ਤਾਂ ਭਾਗਸ਼ਾਲੀ ਮਨੁੱਖ ਛੇਤੀ ਹੀ ਇਸ ਬਰੀਕੀ ਨੂੰ ਸਮਝ ਸਕਦਾ ਹੈ । ਰੱਬ ਨਾ ਕਰੇ ਜੇਕਰ ਕੋਈ ਇਸ ਇਲਾਹੀ ਭੇਦ ਨੂੰ ਨਾ ਸਮਝੇ ਅਤੇ ਜ਼ਮਾਨੇ ਦੇ ਇਮਾਮ ਦੇ ਪ੍ਰਗਟ ਹੋਣ ਦੀ ਖ਼ਬਰ ਸੁਣ ਕੇ ਉਸ ਨਾਲ ਸੰਬੰਧ ਨਾ ਬਣਾਏ ਤਾਂ ਅਵੱਲ ਤਾਂ ਅਜਿਹਾ ਮਨੁੱਖ ਇਮਾਮ ਨਾਲ ਬੇਪਰਵਾਹੀ ਪ੍ਰਗਟ ਕਰਦਾ ਹੈ ਅਤੇ ਫਿਰ ਬੇਪਰਵਾਹੀ ਤੋਂ ਓਪਰਾਪਨ ਪੈਦਾ ਹੁੰਦਾ ਹੈ, ਫਿਰ ਓਪਰਿਆਂ ਤੋਂ ਬਦਗੁਮਾਨੀ ਵੱਧਣੀ ਸ਼ੁਰੂ ਹੋ

ਜਾਂਦੀ ਹੈ, ਫਿਰ ਬਦਗ਼ੁਮਾਨੀ ਤੋਂ ਦੁਸ਼ਮਣੀ ਪੈਦਾ ਹੋ ਜਾਂਦੀ ਹੈ ਅਤੇ ਫਿਰ ਦੁਸ਼ਮਣੀ ਤੋਂ (ਨਊਜ਼ ਬਿਲੱਾਹ,ਰੱਬ ਨਾ ਕਰੇ) ਈਮਾਨ ਦੇ ਖੁੱਸ ਜਾਣ ਤੱਕ ਨੌਬਤ ਪਹੁੰਚਦੀ ਹੈ ਜਿਵੇਂ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰਗਟ ਹੋਣ ਸਮੇਂ ਹਜ਼ਾਰਾਂ ਦੀ ਸੰਖਿਆ ਵਿੱਚ ਵੈਰਾਗੀ, ਮੁਲਹਿਮ (ਇਲਹਾਮ ਪਾਉਣ ਵਾਲੇ) ਅਤੇ ਦਿਵ ਦ੍ਰਿਸ਼ਟਾ ਸਨ ਜੋ ਨਬੀ ਆਖ਼ਿਰੁਜ਼ੱਮਾਂ (ਅੰਤਮ ਯੁਗ ਦੇ ਨਬੀ ) ਦੇ ਛੇਤੀ ਹੀ ਪ੍ਰਗਟ ਹੋਣ ਦੀਆਂ ਖ਼ਬਰਾਂ ਸੁਣਾਇਆ ਕਰਦੇ ਸਨ, ਪਰ ਜੱਦ ਉਹਨਾਂ ਨੇ ਜ਼ਮਾਨੇ ਦੇ ਇਮਾਮ ਜੋ ਖ਼ਾਤਮੁਲ ਅੰਬਿਆ, ਸਨ ਕੁਬੂਲ ਨਾ ਕੀਤਾ ਤਾਂ ਰੱਬ ਦੇ ਪ੍ਰਕੋਪ ਦੀ ਘਟਨਾ ਨੇ ਉਹਨਾ ਨੂੰ ਹਲਾਕ ਕਰ ਦਿੱਤਾ ਅਤੇ ਉਹਨਾਂ ਦੇ ਰੱਬ ਨਾਲ ਸੰਬੰਧ ਉਕੱਾ ਹੀ ਟੁੱਟ ਗਏ ਅਤੇ ਉਹਨਾਂ ਬਾਰੇ ਜੋ ਕੁਝ ਕੁਰਆਨ ਕਰੀਮ ਵਿੱਚ ਲਿੱਖਿਆ ਗਿਆ ਹੈ ਉਸਦਾ ਵਰਨਣ ਕਰਨ ਦੀ ਲੋੜ ਨਹੀਂ । ਇਹ ਉਹੋ ਲੋਕ ਹਨ ਜਿੰਨ੍ਹਾ ਬਾਰੇ ਕੁਰਆਨ ਸ਼ਰੀਫ਼ ਵਿੱਚ ਫ਼ਰਮਾਇਆ ਗਿਆ ਹੈ :

(وَكَانُوا مِنْ قَبْلُ يَسْتَفْتِحُونَ} (البقرة 90)

ਵਕਾਨੁ ਮਿਨ ਕਬਲੁ ਯਸਤਫ਼ਤਾਹੁਨਾ । (ਸੂਰਤ ਬਕਰਹ -90)

ਇਸ ਆਇਤ ਦੇ ਇਹੋ ਅਰਥ ਹਨ ਕਿ ਇਹ ਲੋਕ ਨੁਸਰਤੇ ਦੀਨ (ਧਾਰਮਕ ਮਦਦ) ਲਈ ਰੱਬ ਤੋਂ ਮਦਦ ਮੰਗਿਆ ਕਰਦੇ ਸਨ ਅਤੇ ਉਹਨਾਂ ਨੂੰ ਇਲਹਾਮ ਤੇ ਸੱਚੇ ਸੁਪਨੇ ਆਇਆ ਕਰਦੇ ਸਨ । ਬੇਸ਼ਕ ਉਹ ਯਹੂਦੀ ਜਿਨ੍ਹਾਂ ਨੇ ਹਜ਼ਰਤ ਈਸਾ ਅਲੈਹਿ ਸਲਾਮ ਦੀ ਅਵਗਿਆ ਕੀਤੀ ਸੀ ਅਤੇ ਰੱਬ ਦੀ ਨਜ਼ਰ ਵਿੱਚ ਡਿਗ ਗਏ ਸਨ, ਪਰ ਜੱਦ ਈਸਾਈ ਧਰਮ ਮਖ਼ਲੂਕ ਪ੍ਰਸਤੀ ਕਰਕੇ ਮਰ ਗਿਆ ਅਤੇ ਉਸ ਵਿੱਚ ਹਕੀਕਤ ਅਤੇ ਨੂਰ ਨਾ ਰਿਹਾ ਤਾਂ ਉਸ ਸਮੇਂ ਦੇ ਯਹੂਦੀ ਇਸ ਗੁਨਾਹ ਤੋਂ ਬਰੀ ਹੋ ਗਏ ਕਿ ਉਹ ਈਸਾਈ ਕਿਉਂ ਨਹੀਂ ਹੁੰਦੇ । ਉਸ ਸਮੇਂ ਉਹਨਾਂ ਵਿੱਚ ਮੁੜ ਨੂਰ ਪੈਦਾ ਹੋਇਆ ਅਤੇ ਅਧਿਕਤਰ ਉਹਨਾਂ ਵਿੱਚ ਸਾਹਿਬੇ ਇਲਹਾਮ ਤੇ ਕਸ਼ਫ਼ (ਰੱਬ ਵੱਲੋਂ ਇਲਹਾਮ ਤੇ ਸੱਚੇ ਸੁਪਨੇ ਦੇਖਣ ਵਾਲੇ) ਪੈਦਾ ਹੋਣ ਲੱਗੇ ਅਤੇ ਉਹਨਾਂ ਦੇ ਵੈਰਾਗੀਆਂ ਵਿੱਚ ਚੰਗੀ ਹਾਲਤਾਂ ਦੇ ਲੋਕ ਸਨ ਅਤੇ

ਉਹ ਸਦਾ ਇਸ ਗੱਲ ਦਾ ਇਲਹਾਮ ਪਾਉਂਦੇ ਸਨ ਕਿ ਅੰਤਮ ਯੁੱਗ ਦਾ ਨਬੀ ਅਤੇ ਵਰਤਮਾਨ ਯੁਗ ਦਾ ਇਮਾਮ ਛੇਤੀ ਹੀ ਪੈਦਾ ਹੋਵੇਗਾ । ਇਹਨਾਂ ਹੀ ਕਾਰਣਾ ਕਰਕੇ ਕੁਝ ਰੱਬਾਨੀ ਵਿਦਵਾਨ ਰੱਬ ਤੋਂ ਇਲਹਾਮ ਪ੍ਰਾਪਤ ਕਰਕੇ ਅਰਬ ਦੇਸ਼ ਵੱਲ ਆ ਰਹੇ ਸਨ ਅਤੇ ਉਹਨਾ ਦੇ ਬੱਚੇ ਬੱਚੇ ਨੂੰ ਖ਼ਬਰ ਸੀ ਕਿ ਆਕਾਸ਼ ਤੋਂ ਛੇਤੀ ਹੀ ਇਕ ਨਵਾਂ ਧਰਮ ਕਾਇਮ ਕੀਤਾ ਜਾਵੇਗਾ । ਇਹੋ ਅਰਥ ਇਸ ਆਇਤ ਦੇ ਹਨ ਕਿ

ਯਾਰੇਫੂਨਾਹੂ ਕਮਾ ਯਾਰੇਫੂਨਾ ਅਬਨਾ ਆਹੁਮ ।

**يَعْرِفُونَهُ كَمَا يَعْرِفُونَ أَبْنَاءَهُمْ (البقرة 147)**

ਅਰਥਾਤ ਉਸ ਨਬੀ ਨੂੰ ਅਜਿਹੀ ਸਪਸ਼ਟਤਾ ਨਾਲ ਪਛਾਣਦੇ ਹਨ ਜਿਵੇਂ ਕਿ ਆਪਣੇ ਬੱਚਿਆਂ ਨੂੰ । ਪਰ ਜੱਦ ਕਿ ਉਹ ਨਿਰਧਾਰਤ ਨਬੀ ਉਪੱਰ ਰੱਬ ਦਾ ਸਲਾਮ ਪ੍ਰਗਟ ਹੋ ਗਿਆ ਉਸ ਸਮੇਂ ਅਭਿਮਾਨ ਤੇ ਪੱਖਪਾਤ ਨੇ ਅਧਿਕਤਰ ਵੈਰਾਗੀਆਂ ਨੂੰ ਹਲਾਕ ਕਰ ਦਿੱਤਾ ਅਤੇ ਉਹਨਾਂ ਦੇ ਦਿਲ ਕਾਲੇ ਹੋ ਗਏ । ਪਰ ਕੁਝ ਭਾਗਵਾਨ ਮੁਸਲਮਾਨ ਹੋ ਗਏ ਅਤੇ ਉਹਨਾਂ ਦਾ ਇਸਲਾਮ ਨੂੰ ਮਨ੍ਹਣਾ ਚੰਗਾ ਸਿੱਧ ਹੋਇਆ । ਇਸ ਲਈ ਇਹ ਡਰਨ ਦਾ ਮੁਕਾਮ ਹੈ ਅਤੇ ਬਹੁਤ ਡਰਨ ਦੀ ਥਾਂ ਹੈ ਖ਼ੁਦਾ ਤਆਲਾ ਕਿਸੇ ਮੋਮਨ ਦਾ ਬਲਅਮ ਵਾਂਗ ਭੈੜਾ ਅੰਤ ਨਾ ਕਰੇ । ਇਲਾਹੀ, ਤੂੰ ਇਸ ਉਮੱਤ ਨੂੰ ਫ਼ਿਤਨਿਆਂ (ਉਪਦ੍ਰੱਾਂ) ਤੋਂ ਬਚਾ ਅਤੇ ਯਹੂਦੀਆਂ ਦੀ ਨਜ਼ਰਾਂ ਤੋਂ ਦੂਰ ਰੱਖ, ਆਮੀਨ ਹੇ ਰੱਬ ਤੂੰ ਕੁਬੂਲ ਕਰ । ਇਸ ਥਾਂ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਜਿਵੇਂ ਰੱਬ ਨੇ ਕਬੀਲੇ ਤੇ ਕੌਮਾਂ ਇਸ ਲਈ ਬਣਾਈਆਂ ਤਾਂ ਜੋ ਸ਼ਰੀਰਕ ਸ਼ਿਸ਼ਟਾਚਾਰ ਦਾ ਇਕ ਪ੍ਰਬੰਧ ਕਾਇਮ ਹੋਵੇ ਅਤੇ ਕਈਆਂ ਦੇ ਕਈਆਂ ਨਾਲ ਰਿਸ਼ਤੇ ਤੇ ਸੰਬੰਧ ਬਣ ਕੇ ਇਕ ਦੂਜੇ ਨਾਲ ਹਮਦਰਦੀ ਤੇ ਸਦਭਾਵਨਾ ਦੇ ਸਹਾਇਕ ਹੋ ਜਾਣ । ਇਸੇ ਉਦੇਸ਼ ਨਾਲ ਉਸਨੇ ਨਬੁਵੱਤ ਤੇ ਇਮਾਮਤ ਦਾ ਸਿਲਸਿਲਾ ਅਰੰਭ ਕੀਤਾ ਹੈ ਤਾਂ ਜੋ ਉਮੱਤੇ ਮੁਹਮੱਦੀਆ ਵਿੱਚ ਰੂਹਾਨੀ ਸੰਬੰਧ ਪੈਦਾ ਹੋ ਜਾਣ ਅਤੇ ਕਈ ਕਈਆਂ ਦੇ ਸਫ਼ਾਰਸ਼ੀ ਹੋਣ ।

ਹੁਣ ਇਕ ਜ਼ਰੂਰੀ ਪ੍ਰਸ਼ਨ ਇਹ ਹੈ ਕਿ ਇਮਾਮੁਜ਼ੱਮਾਂ (ਸਮੇਂ ਦਾ ਇਮਾਮ ਜਾਂ ਅਵਤਾਰ) ਕਿਸਨੂੰ ਆਖਦੇ ਹਨ ਅਤੇ ਉਸ ਦੀਆਂ ਅਲਾਮਤਾਂ ਕੀ ਹਨ ਅਤੇ ਉਸਨੂੰ ਹੋਰਨਾ ਇਲਹਾਮ ਪਾਉਣ ਵਾਲਿਆਂ, ਸੱਚੇ ਸੁਪਨੇ ਦੇਖਣ ਵਾਲਿਆਂ ਅਤੇ ਦਿਵ ਦ੍ਰਿਸ਼ਟਾਂ ਉਪੱਰ ਕੀ ਵੱਡਿਆਈ ਪ੍ਰਾਪਤ ਹੈ ? ਇਸ ਪ੍ਰਸ਼ਨ ਦਾ ਉਤੱਰ ਇਹ ਹੈ ਕਿ ਇਮਾਮੁਜ਼ੱਮਾਂ ਉਸ ਮਨੁੱਖ ਦਾ ਨਾਂ ਹੈ ਜਿਸ ਮਨੁੱਖ ਦੀ ਰੂਹਾਨੀ ਸਿੱਖਿਆ ਦਾ ਰੱਬ ਮੁਤਾਵੱਲੀ (ਵਾਰਸ) ਬਣ ਕੇ ਉਸਦੇ ਸੁਭਾਵ ਵਿੱਚ ਇਕ ਅਜਿਹੀ ਇਮਾਮਤ (ਗੁਰਿਆਈ) ਦਾ ਚਾਨ੍ਹਣਾ ਰੱਖ ਦਿੰਦਾ ਹੈ ਕਿ ਉਹ ਸਾਰੇ ਜਹਾਨ ਦੇ ਯਥਾਰਥ ਤੇ ਫ਼ਲਸਫ਼ਿਆਂ ਨਾਲ ਹਰ ਇਕ ਰੰਗ ਵਿੱਚ ਮੁਬਾਹਿਸਾ (ਵਾਦ ਵਿਵਾਦ) ਕਰਕੇ ਉਹਨਾਂ ਨੂੰ ਪਰਾਜਿਤ ਕਰ ਲੈਂਦਾ ਹੈ । ਉਹ ਹਰ ਇਕ ਪ੍ਰਕਾਰ ਦੇ ਬਰੀਕ ਦਰ ਬਰੀਕ ਇਤਰਾਜ਼ਾਂ (ਖੰਡਨਾਂ) ਦਾ ਰੱਬ ਵੱਲੋਂ ਬੱਲ ਪ੍ਰਾਪਤ ਕਰਕੇ ਅਜਿਹਾ ਚੰਗਾ ਉਤੱਰ ਦਿੰਦਾ ਹੈ ਕਿ ਅੰਤ ਨੂੰ ਮਨ੍ਹਣਾ ਪੈਂਦਾ ਹੈ ਕਿ ਉਸਦਾ ਸੁਭਾਵ ਦੁਨੀਆ ਦੇ ਸੁਧਾਰ ਦਾ ਪੂਰਾ ਸਾਧਨ ਲੈਕੇ ਇਸ ਮੁਸਾਫ਼ਰ ਖ਼ਾਨੇ (ਦੁਨੀਆ) ਵਿੱਚ ਆਇਆ ਹੈ । ਇਸ ਲਈ ਉਸਨੂੰ ਕਿਸੇ ਵੀ ਦੁਸ਼ਮਨ ਸਾਹਮਣੇ ਸ਼ਰਮਿੰਦਿਆਂ ਨਹੀਂ ਹੋਣਾ ਪੈਂਦਾ । ਉਹ ਰੂਹਾਨੀ ਤੌਰ'ਤੇ ਮੁਹਮੱਦੀ ਫ਼ੌਜਾਂ ਦਾ ਸਿਪਾਸਾਲਾਰ (ਸਰਦਾਰ) ਹੁੰਦਾ ਹੈ ਅਤੇ ਰੱਬ ਦੀ ਇੱਛਿਆ ਹੁੰਦੀ ਹੈ ਕਿ ਉਸਦੇ ਹੱਥ ਰਾਹੀਂ ਧਰਮ ਦੀ ਜਿੱਤ ਦੁਬਾਰਾ ਕਰੇ ਅਤੇ ਉਹ ਸਾਰੇ ਲੋਕ ਜੋ ਉਸਦੇ ਝੰਡੇ ਹੇਠ ਆਉਂਦੇ ਹਨ ਉਹਨਾਂ ਨੂੰ ਵੀ ਉੱਚ ਕੋਟਿ ਦੀਆਂ ਸ਼ਕਤੀਆਂ ਬਖ਼ਸ਼ੀਆਂ ਜਾਂਦੀਆਂ ਹਨ । ਉਹ ਸਾਰੀਆਂ ਸ਼ਰਤਾਂ ਜੋ ਸੁਧਾਰ ਲਈ ਜ਼ਰੂਰੀ ਹੁੰਦੀਆਂ ਹਨ ਅਤੇ ਉਹ ਸਾਰੇ ਗਿਆਨ ਜੋ ਖੰਡਨਕਾਰੀਆ ਵੱਲੋਂ ਉਠਾਏ ਜਾਣ ਅਤੇ ਇਸਲਾਮੀ ਖ਼ੂਬੀਆਂ ਦੇ ਵਰਨਣ ਕਰਨ ਲਈ ਜ਼ਰੂਰੀ ਹਨ ਉਸਨੂੰ ਬਖ਼ਸ਼ੇ ਜਾਂਦੇ ਹਨ । ਇਹੋ ਕਾਰਣ ਹੈ ਕਿ ਰੱਬ ਜਾਣਦਾ ਹੈ ਕਿ ਉਸਨੂੰ ਦੁਨੀਆ ਦੇ ਬੇ ਅਦਬਾਂ ਬਦ ਜ਼ੁਬਾਨੀ ਕਰਨ ਵਾਲਿਆਂ ਨਾਲ ਵੀ ਟਾਕਰਾ ਕਰਨਾ ਪਵੇਗਾ । ਇਸ ਲਈ ਆਚਰਣਕ ਬੱਲ ਵੀ ਉੱਚ ਕੋਟਿ ਦਾ ਬਖ਼ਸ਼ਿਆ ਜਾਂਦਾ ਹੈ । ਮਨੁੱਖਤਾ ਦੀ ਸੱਚੀ ਹਮਦਰਦੀ ਉਸਦੇ ਦਿਲ ਵਿੱਚ ਹੁੰਦੀ ਹੈ । ਆਚਰਣਕ ਬੱਲ ਤੋਂ ਇਹ ਭਾਵ ਨਹੀਂ

ਕਿ ਹਰ ਥਾਂ ਉਹ ਐਵੇਂ ਹੀ ਨਰਮੀ ਕਰਦਾ ਹੈ । ਕਿਉਂਕਿ ਇਹ ਤਾਂ ਅਖ਼ਲਾਕੀ ਦਾਨਾਈ ਦੇ ਉਸੂਲ ਦੇ ਉਕੱਾ ਹੀ ਖ਼ਿਲਾਫ਼ ਹੈ ਸਗੋਂ ਭਾਵ ਇਹ ਹੈ ਕਿ ਜਿਵੇਂ ਘੱਟ ਹੌਂਸਲੇ ਦਾ ਮਨੁੱਖ ਦੁਸ਼ਮਣ ਤੇ ਬੇਅਦਬਾਂ ਦੀਆਂ ਗੱਲਾਂ ਨਾਲ ਸੜ ਬਲ ਕੇ ਤੇ ਕਬਾਬ ਬਣ ਕੇ ਛੇਤੀ ਹੀ ਆਪਣੇ ਮਿਜ਼ਾਜ (ਸੁਭਾਵ) ਵਿੱਚ ਤਬਦੀਲੀ ਪੈਦਾ ਕਰ ਲੈਂਦੇ ਹਨ ਅਤੇ ਉਹਨਾਂ ਦੇ ਚਿਹਰਿਆਂ ਉਪੱਰ ਉਸ ਪੀੜਾ ਦਾਇਕ ਅਜ਼ਾਬ ਦੇ ਜਿਸ ਦਾ ਨਾਂ ਕਰੋਧ ਹੈ ਅਤਿਅੰਤ ਮਕਰੂਹ ਰੂਪ ਵਿੱਚ ਉਸਦੇ ਪ੍ਰਭਾਵ ਪ੍ਰਕਟ ਹੋ ਜਾਂਦੇ ਹਨ ਅਤੇ ਗੁੱਸੇ ਤੇ ਭੜਕਾਉ ਦੀਆਂ ਗਲੱਾਂ ਇਖ਼ਤਿਆਰ (ਆਪੇ) ਤੋਂ ਬਾਹਰ ਹੋਕੇ ਬੇਮੌਕਾ ਮੂੰਹ'ਚੋਂ ਨਿਕਲਦੀਆਂ ਜਾਂਦੀਆਂ ਹਨ । ਇਹ ਹਾਲਤ ਅਖ਼ਲਾਕ (ਉੱਚ ਆਚਰਣ) ਵਾਲਿਆਂ ਵਿੱਚ ਨਹੀਂ ਹੁੰਦੀ, ਹਾਂ, ਸਮੇਂ ਅਤੇ ਮੌਕੇ ਦੀ ਨਬਜ਼ ਅਨੁਸਾਰ ਕਦੇ ਇਲਾਜ ਦੇ ਰੂਪ ਵਿੱਚ ਕਰੜੇ ਸ਼ਬਦਾਂ ਦੀ ਵਰਤੋਂ ਕਰ ਲੈਂਦੇ ਹਨ । ਪਰ ਉਹਨਾਂ ਸ਼ਬਦਾਂ ਦੀ ਵਰਤੋਂ ਸਮੇਂ ਨਾ ਉਹਨਾਂ ਦਾ ਦਿਲ ਸੜਦਾ ਹੈ ਅਤੇ ਨਾ ਹੀ ਗੁੱਸੇ ਦੀ ਸੂਰਤ ਬਣਦੀ ਹੈ ਅਤੇ ਨਾ ਹੀ ਮੂੰਹ ਵਿੱਚ ਝੱਗ ਆਉਂਦੀ ਹੈ । ਹਾਂ ਕਦੇ ਬਣਾਉਟੀ ਗੁੱਸਾ ਰੁਹਬ ਦਿਖਾਉਣ ਲਈ ਪ੍ਰਗਟ ਕਰ ਦਿੰਦੇ ਹਨ । ਦਿਲ ਆਰਾਮ, ਸ਼ਾਂਤ ਤੇ ਸਰੂਰ ਵਿੱਚ ਹੁੰਦਾ ਹੈ । ਇਹੋ ਕਾਰਣ ਹੈ ਕਿ ਬੇਸ਼ਕ ਹਜ਼ਰਤ ਈਸਾ ਅਲੈਹਿ ਸਲਾਮ ਨੇ ਅਧਿਕਤਰ ਕਰੜੇ ਸ਼ਬਦ ਆਪਣੇ ਸੰਬੋਧਨਕਾਰੀਆਂ ਦੇ ਹੱਕ ਵਿੱਚ ਵਰਤੇ ਹਨ ਜਿਵੇਂ ਸੂਰ, ਕੁੱਤੇ, ਬੇ ਈਮਾਨ ਅਤੇ ਬਦਕਾਰ ਆਦਿ । ਪਰ ਅਸੀਂ ਨਹੀਂ ਆਖ ਸਕਦੇ । ਕੀ ਆਪ ਨਊਜ਼ ਬਿਲੱਾਹ (ਰੱਬ ਨਾ ਕਰੇ) ਅਖ਼ਲਾਕੇ ਫ਼ਾਜ਼ਲਾ (ਉੱਚ ਆਚਰਣ) ਤੋਂ ਅਨਜਾਣ ਸਨ ਕਿਉਂਕਿ ਉਹ ਤਾਂ ਆਪ ਅਖ਼ਲਾਕ ਤੇ ਨਰਮੀ ਦੇ ਆਦੇਸ਼ ਕਰਦੇ ਸਨ ਸਗੋਂ ਇਹ ਸ਼ਬਦ ਜੋ ਆਮ ਤੌਰ'ਤੇ ਬੋਲਦੇ ਰਹਿੰਦੇ ਸਨ ਇਹ ਗੁੱਸੇ ਦੇ ਜੋਸ਼ ਅਤੇ ਪਾਗਲਾਂ ਵਰਗੇ ਕਰੋਧ ਨਾਲ ਨਹੀਂ ਨਿਕਲਦੇ ਸਨ ਸਗੋਂ ਅਤਿਅੰਤ ਨਰਮੀ ਤੇ ਠੰਡੇ ਦਿਲ ਨਾਲ ਆਪਣੇ ਮੌਕੇ ਉਪੱਰ ਇਹ ਸ਼ਬਦ ਮੜ੍ਹੇ ਜਾਂਦੇ ਸਨ । ਭਾਵ ਇਹ ਕਿ ਅਖ਼ਲਾਕੀ ਹਾਲਤ ਉਪੱਰ ਕਾਮਲ ਸੰਤੋਖ ਰੱਖਣਾ ਇਮਾਮਾ ਲਈ ਲਾਜ਼ਮੀ ਹੈ ।

ਜੇਕਰ ਕੋਈ ਕਰੜਾ ਸ਼ਬਦ ਸੜੀ ਸੋਚ ਤੇ ਪਾਗਲਾਂ ਵਰਗੇ ਕਰੋਧ ਨਾਲ ਨਾ ਹੋਵੇ ਅਤੇ ਐਨ ਮੌਕੇ ਅਨੁਸਾਰ ਮੜ੍ਹਿਆ ਗਿਆ ਤੇ ਲੋੜ ਮੁਤਾਬਕ ਹੋਵੇ ਤਾਂ ਉਹ ਅਖ਼ਲਾਕੀ ਹਾਲਤ ਦੇ ਵਿਰੁਧ ਨਹੀ ਹੈ । ਇਹ ਗੱਲ ਵਰਨਣ ਯੋਗ ਹੈ ਕਿ ਜਿੰਨ੍ਹਾਂ ਨੂੰ ਰੱਬ ਦਾ ਹੱਥ ਇਮਾਮ ਬਣਾਉਂਦਾ ਹੈ ਉਹਨਾਂ ਦੇ ਸੁਭਾਵ ਵਿੱਚ ਹੀ ਇਮਾਮਤ ਦੀ ਸ਼ਕਤੀ ਰੱਖੀ ਜਾਂਦੀ ਹੈ ਅਤੇ ਜਿਵੇਂ ਇਲਾਹੀ ਸੁਭਾਵ ਨੇ ਕੁਰਆਨ ਕਰੀਮ ਦੀ ਆਇਤ ਅਨੁਸਾਰ ਆਤਾ ਕੁਲੱ ਸ਼ੈਇਨ ਖ਼ਲਕਾਹੂ (اَعْطٰی کُلَّ شَیْءٍ خَلْقَهٗ) ਕਿ ਹਰ ਇਕ ਪਸ਼ੁ ਪੰਛੀ ਵਿੱਚ ਪਹਿਲਾਂ ਹੀ ਉਹ ਸ਼ਕਤੀ ਰੱਖ ਦਿੱਤੀ ਹੈ ਜਿਸ ਦੇ ਬਾਰੇ ਰੱਬ ਨੂੰ ਪਹਿਲਾਂ ਹੀ ਪਤਾ ਸੀ ਕਿ ਇਸ ਸ਼ਕਤੀ ਨਾਲ ਉਸਨੂੰ ਕੰਮ ਲੈਣਾ ਪਵੇਗਾ । ਇਸੇ ਪ੍ਰਕਾਰ ਉਹਨਾ ਨਫ਼ਸਾਂ (ਵਜੂਦਾਂ) ਵਿੱਚ ਜਿੰਨ੍ਹਾ ਬਾਰੇ ਰੱਬ ਦੇ ਅਜ਼ਲੀ (ਅਰੰਭ ਤੋਂ) ਗਿਆਨ ਵਿੱਚ ਹੈ ਕਿ ਉਹਨਾਂ ਤੋਂ ਇਮਾਮਤ ਦਾ ਕੰਮ ਲਿਆ ਜਾਏਗਾ, ਇਮਾਮਤ ਦੇ ਅਹੁਦੇ ਅਨੁਸਾਰ ਕਈ ਰੂਹਾਨੀ ਗੁਣ ਪਹਿਲਾਂ ਹੀ ਰੱਖੇ ਜਾਂਦੇ ਹਨ ਜਿੰਨਾ ਗੁਣਾ ਦੀ ਭਵਿੱਖ ਵਿੱਚ ਲੋੜ ਪਏਗੀ । ਉਹਨਾਂ ਸਾਰਿਆਂ ਗੁਣਾ ਦਾ ਬੀਜ ਉਹਨਾ ਦੇ ਪਵਿੱਤਰ ਫ਼ਿਤਰਤ (ਪ੍ਰਕ੍ਰਿਤੀ) ਵਿੱਚ ਬੀਜਿਆ ਜਾਂਦਾ ਹੈ । ਮੈਂ ਦੇਖਦਾ ਹਾਂ ਕਿ ਇਮਾਮਾ ਵਿੱਚ ਮਨੁੱਖਤਾ ਦੇ ਲਾਭ ਲਈ ਹੇਠ ਲਿੱਖੀਆਂ ਸ਼ਕਤੀਆਂ ਦਾ ਹੋਣਾ ਜ਼ਰੂਰੀ ਹੈ ।

## ਪਹਿਲੀ ਸ਼ਕਤੀ ਉਚੱ ਆਚਰਣ ਹੈ :-

ਕਿਉਕਿ ਇਮਾਮਾਂ ਨੂੰ ਵੱਖ ਵੱਖ ਪ੍ਰਕਾਰ ਦੇ ਦੁਰਾਚਾਰੀਆਂ, ਕਮੀਨਿਆਂ ਅਤੇ ਦੁਰਬਚਨਕਾਰੀਆਂ ਲੋਕਾਂ ਨਾਲ ਵਾਹ ਪੈਂਦਾ ਹੈ ਇਸ ਲਈ ਉਹਨਾਂ ਵਿੱਚ ਉਤੱਮ ਦਰਜੇ ਦੀ ਆਚਰਣਕ ਸ਼ਕਤੀ ਦਾ ਹੋਣਾ ਜ਼ਰੂਰੀ ਹੈ ਤਾਂ ਜੋ ਉਹਨਾ ਵਿੱਚ ਨਫ਼ਸਾਨੀ ਕਰੋਧ ਅਤੇ ਪਾਗਲਾਂ ਵਰਗਾ ਜੋਸ਼ ਪੈਦਾ ਨਾ ਹੋਵੇ ਅਤੇ ਲੋਕ ਉਹਨਾਂ ਦੇ ਲਾਭ ਤੋਂ ਵਾਂਝੇ ਨਾ ਰਹਿਣ । ਇਹ ਅਤਿਅੰਤ ਸ਼ਰਮ ਦੀ ਗੱਲ ਹੈ ਕਿ ਇਕ ਮਨੁੱਖ ਰੱਬ ਦਾ ਵਲੀ (ਮਿਤੱਰ) ਅਖਵਾ ਕੇ ਫਿਰ ਦੁਰਆਚਰਣ ਵਿੱਚ ਗ੍ਰਿਸਿਆ ਹੋਵੇ ਅਤੇ ਕਠੋਰ ਗੱਲਾਂ ਦਾ ਰਤਾ ਵੀ ਸਹਿਨਸ਼ੀਲ ਨਾ ਹੋ ਸਕੇ । ਜੋ ਇਮਾਮ

ਅਖਵਾ ਕੇ ਅਜਿਹੇ ਕੱਚੇ ਸੁਭਾਵ ਦਾ ਬੰਦਾ ਹੋਵੇ ਕਿ ਨਿੱਕੀਆਂ ਨਿੱਕੀਆਂ ਗਲੱਾਂ ਵਿੱਚ ਮੂੰਹ ਵਿੱਚ ਝਾਗ ਆਉਂਦੀ ਹੋਵੇ ਅਖੱਾਂ ਨੀਲੀਆਂ ਪੀਲੀਆਂ ਹੁੰਦੀਆਂ ਹੋਣ, ਉਹ ਕਿਸੇ ਪ੍ਰਕਾਰ ਵੀ ਜ਼ਮਾਨੇ ਦਾ ਇਮਾਮ ਨਹੀਂ ਹੋ ਸਕਦਾ । ਇਸ ਲਈ ਉਸ'ਤੇ ਆਇਤ

(وَإِنَّكَ لَعَلَىٰ خُلُقٍ عَظِيمٍ } (القلم5)

'ਵ ਇਨੱਾਕਾ ਲ ਅਲਾ ਖ਼ੁਲੁਕਿਨ ਅਜ਼ੀਮ'

ਦਾ ਪੂਰਨ ਰੂਪ ਵਿੱਚ ਸਾਦਕ ਆ ਜਾਣਾ ਜ਼ਰੂਰੀ ਹੈ ।

## ਦੂਜੀ, ਇਮਾਮਤ ਦੀ ਸ਼ਕਤੀ ਹੈ :-

ਜਿਸ ਕਰਕੇ ਉਸਦਾ ਨਾਂ ਇਮਾਮ ਰੱਖਿਆ ਗਿਆ ਹੈ ਅਰਥਾਤ ਨੇਕ ਗੱਲਾਂ, ਨੇਕ ਕਰਮ ਅਤੇ ਸਾਰੇ ਇਲਾਹੀ ਮਾਅਰਫ਼ਤ ਤੇ ਇਲਾਹੀ ਪ੍ਰੇਮ ਵਿੱਚ ਅੱਗੇ ਵਧਨ ਦਾ ਸ਼ੌਕ ਅਰਥਾਤ ਉਸਦੀ ਰੂਹ (ਅਤਮਾ) ਕਿਸੇ ਹਾਨੀ ਨੂੰ ਪਸੰਦ ਨਾ ਕਰੇ ਅਤੇ ਕਿਸੇ ਵੀ ਮਾੜੀ ਹਾਲਤ ਉਪੱਰ ਰਾਜ਼ੀ ਨਾ ਹੋਵੇ । ਇਸ ਗੱਲ ਨਾਲ ਉਸਨੂੰ ਦਰਦ ਪਹੁੰਚੇ ਅਤੇ ਦੁੱਖ ਵਿੱਚ ਪੈ ਜਾਏ ਕਿ ਉਹ ਤਰੱਕੀ ਤੋਂ ਰੋਕਿਆ ਜਾਵੇ । ਇਹ ਇਕ ਸੁਭਾਵਕ ਸ਼ਕਤੀ ਹੈ ਜੋ ਇਮਾਮ ਵਿੱਚ ਹੁੰਦੀ ਹੈ । ਜੇਕਰ ਇਹ ਸੰਜੋਗ ਨਾ ਹੋਵੇ ਕਿ ਲੋਕ ਉਸਦੇ ਗਿਆਨ ਤੇ ਮੁਆਰਫ਼ ਦੀ ਪੈਰ੍ਹਵੀ ਕਰਨ ਅਤੇ ਉਸਦੇ ਨੂਰ ਦੇ ਪਿੱਛੇ ਚਲਣ ਤਾਂ ਵੀ ਉਹ ਆਪਣੀ ਸੁਭਾਵਕ ਸ਼ਕਤੀ ਪੱਖੋਂ ਇਮਾਮ ਹੈ । ਭਾਵ ਇਹ ਮਆਰਫ਼ਤ ਦਾ ਨੁਕਤਾ ਚੇਤੇ ਰੱਖਣ ਯੋਗ ਹੈ ਕਿ ਇਮਾਮਤ ਇਕ ਸ਼ਕਤੀ ਹੈ ਕਿ ਉਸ ਮਨੁੱਖ ਦੀ ਜੋ ਹਰ ਸੁਭਾਵ ਵਿੱਚ ਰੱਖੀ ਜਾਂਦੀ ਹੈ ਜੋ ਉਸ ਕਾਰਜ ਲਈ ਇਲਾਹੀ ਨਿਸ਼ਚੇ ਵਿੱਚ ਹੁੰਦਾ ਹੈ । ਜੇਕਰ ਇਮਾਮਤ ਦੇ ਸ਼ਬਦ ਦਾ ਅਰਥ ਕਰੀਏ ਤਾਂ ਇਉਂ ਕਹਿ ਸਕਦੇ ਹਾਂ ਕਿ ਅਗਵਾਈ ਸ਼ਕਤੀ । ਭਾਵ ਇਹ ਕੋਈ ਆਰਜ਼ੀ ਅਹੁਦਾ ਨਹੀਂ ਜੋ ਮਗਰੋਂ ਲੱਗ ਜਾਂਦਾ ਹੈ ਸਗੋਂ ਜਿਵੇਂ ਦੇਖਣ, ਸੁਨਣ ਤੇ ਸਮਝਣ ਦੀ ਸ਼ਕਤੀ ਹੁੰਦੀ ਹੈ ਇਸੇ ਪ੍ਰਕਾਰ ਅੱਗੇ

ਵਧਣ ਅਤੇ ਇਲਾਹੀ ਕਾਰਜਾਂ ਵਿੱਚ ਸਭ ਤੋਂ ਮੋਹਰੇ ਰਹਿਣ ਦੀ ਸ਼ਕਤੀ ਹੈ । ਇਹਨਾਂ ਹੀ ਅਰਥਾਂ ਵੱਲ ਇਮਾਮਤ ਦਾ ਸ਼ਬਦ ਸੰਕੇਤ ਕਰਦਾ ਹੈ ।

## ਤੀਜੀ ਸ਼ਕਤੀ ਵਿਆਪਕ ਗਿਆਨ ਹੈ :

ਜੋ ਇਮਾਮ ਲਈ ਜ਼ਰੂਰੀ ਤੇ ਉਸਦਾ ਵਿਸ਼ੇਸ਼ ਗੁਣ ਹੈ ਕਿਉਂਕਿ ਇਮਾਮਤ ਦਾ ਭਾਵ ਸਾਰੀਆਂ ਸਚੱਾਈਆਂ, ਦਲੀਲਾਂ, ਮਆਰਫ਼ ਅਤੇ ਲੋੜੀਂਦੇ ਪ੍ਰੇਮ, ਹੱਕ ਤੇ ਵਫ਼ਾਦਾਰੀ ਵਿੱਚ ਅਗਾਂਹ ਵਧਣ ਦੀ ਮੰਗ ਕਰਦਾ ਹੈ । ਇਸੇ ਲਈ ਉਹ ਆਪਣੀਆਂ ਹੋਰਨਾ ਸਾਰੀਆਂ ਸ਼ਕਤੀਆਂ ਇਸੇ ਸੇਵਾ ਵਿੱਚ ਲਗਾ ਦਿੰਦਾ ਹੈ ਅਤੇ 'ਰੱਬੇ ਜ਼ਿਦਨੀ ਇਲਮਾ' (رَّبِّ زِدْنِي عِلْمًا(طه 115) ਦੀ ਦੁਆ ਵਿੱਚ ਹਰ ਸਮੇਂ ਲੀਨ ਰਹਿੰਦਾ ਹੈ ਅਤੇ ਪਹਿਲਾਂ ਤੋਂ ਹੀ ਉਸਦੀ ਬੁਨਿਆਦੀ ਸੰਵੇਦਨਸ਼ੀਲਤਾ ਉਹਨਾਂ ਕਾਰਜਾਂ ਲਈ ਰਤਨਾ (ਹੀਰੇ) ਵਾਂਗ ਹੁੰਦੀ ਹੈ । ਇਸ ਲਈ ਖ਼ੁਦਾ ਤਆਲਾ ਦੀ ਮਿਹਰ ਨਾਲ ਇਲਾਹੀ ਗਿਆਨ ਵਿੱਚ ਉਸਨੂੰ ਵਿਸਥਾਰ ਬਖ਼ਸ਼ਿਆ ਜਾਂਦਾ ਹੈ । ਉਸਦੇ ਜ਼ਮਾਨੇ ਵਿੱਚ ਕੋਈ ਹੋਰ ਅਜਿਹਾ ਨਹੀਂ ਹੁੰਦਾ ਜੋ ਕੁਰਆਨ ਕਰੀਮ ਦੇ ਮੁਆਰਫ਼ ਦੀ ਜਾਨਕਾਰੀ, ਵਿਸਥਾਰ, ਕਮਾਲਾਤ ਤੇ ਦਲੀਲਾਂ ਵਿੱਚ ਉਸਦੇ ਬਰਾਬਰ ਹੋਵੇ । ਉਸਦੀ ਉਚਿਤ ਰਾਏ ਹੋਰਨਾ ਦੇ ਗਿਆਨ ਨੂੰ ਠੀਕ ਕਰਦੀ ਹੈ । ਜੇਕਰ ਧਾਰਮਕ ਸਚੱਾਈ ਦੇ ਬਿਆਨ ਵਿੱਚ ਕਿਸੇ ਦਾ ਰਾਏ ਉਸਦੀ ਰਾਏ ਦੇ ਖ਼ਿਲਾਫ਼ ਹੋਵੇ ਤਾਂ ਸਚੱਾਈ ਉਸ ਵੱਲ ਹੁੰਦੀ ਹੈ ਕਿਉਂਕਿ ਸੱਚੇ ਗਿਆਨ ਦੇ ਜਾਨਣ ਲਈ ਨੂਰਾਨੀ ਵਿਸਥਾਰ ਉਸਦੀ ਮਦਦ ਕਰਦਾ ਹੈ ਅਤੇ ਉਹ ਨੂਰ ਚਮਕਦੀਆਂ ਕਿਰਣਾਂ ਨਾਲ ਹੋਰਨਾਂ ਨੂੰ ਨਹੀਂ ਦਿੱਤਾ ਜਾਂਦਾ । 'ਵ ਜ਼ਾਲਿਕਾ ਫ਼ਜ਼ਲੁਲੱਾਹੇ ਯੂਤੀਹੇ ਮੰਯ ਯਸ਼ਾਓ' (وَذَٰلِكَ فَضْلُ اللهِ يُؤْتِيهِ مَن يَّشَاءُ) (ਇਹ ਰੱਬ ਦੀ ਮਿਹਰ ਹੈ ਜਿਸ ਨੂੰ ਚਾਹੁੰਦਾ ਹੈ ਦਿੰਦਾ ਹੈ) ਸੋ, ਜਿਵੇਂ ਮੁਰਗੀ ਆਂਡਿਆਂ ਨੂੰ ਆਪਣੇ ਪਰਾਂ ਹੇਠ ਲੈਕੇ ਉਹਨਾਂ ਤੋਂ ਬੱਚੇ ਬਣਾਉਦੀ ਹੈ ਅਤੇ ਫਿਰ ਬੱਚਿਆ ਨੂੰ ਆਪਣੇ ਪਰਾਂ ਹੇਠ ਰੱਖ ਕੇ ਆਪਣੇ ਗੁਣ ਉਹਨਾਂ ਨੂੰ ਸਿਖਾ ਦਿੰਦੀ ਹੈ ਉਸੇ ਪ੍ਰਕਾਰ ਇਹ ਮਨੁੱਖ ਆਪਣੇ ਰੂਹਾਨੀ ਗਿਆਨ ਨਾਲ ਸੰਗਤ ਵਿੱਚ

ਰਹਿਣ ਵਾਲਿਆਂ ਨੂੰ ਗਿਆਨ ਦੇ ਰੰਗ ਨਾਲ ਰੰਗੀਨ ਕਰਦਾ ਰਹਿੰਦਾ ਹੈ । ਵਿਸ਼ਵਾਸ ਤੇ ਮਆਰਫ਼ਤ ਵਿੱਚ ਵਧਾਉਂਦਾ ਜਾਂਦਾ ਹੈ । ਪਰ ਹੋਰਨਾ ਵੈਰਾਗੀਆ, ਮੁਲਹਿਮਾ (ਇਲਹਾਮ ਪਾਉਣ ਵਾਲੇ) ਅਤੇ ਸੰਜਮੀਆਂ ਲਈ ਇਸ ਪ੍ਰਕਾਰ ਦੇ ਵਿਸਥਾਰ ਦੀ ਲੋੜ ਨਹੀਂ ਕਿਉਂਕਿ ਮਨੁੱਖੀ ਸੁਧਾਰ ਦੇ ਗਿਆਨ ਦੀ ਸਿੱਖਿਆ ਉਹਨਾਂ ਦੇ ਸੁਪੁਰਦ ਨਹੀ ਕੀਤੀ ਜਾਂਦੀ । ਅਜਿਹੇ ਜ਼ਾਹਿਦ (ਸੰਜਮੀਂ) ਅਤੇ ਸੁਵਪੱਨਕਾਰੀਆਂ ਵਿੱਚ ਜੇਕਰ ਕੁਝ ਗਿਆਨ ਦਾ ਘਾਟ ਤੇ ਅਗਿਆਨਤਾ ਬਾਕੀ ਹੈ ਤਾਂ ਕੋਈ ਇਤਰਾਜ਼ ਨਹੀਂ ਕਿਉਂਕਿ ਉਹ ਕਿਸੇ ਕਸ਼ਤੀ ਦੇ ਮਲੱਾਹ (ਨਾਵਿਕ) ਨਹੀਂ ਹਨ ਸਗੋਂ ਆਪ ਉਸਦੇ ਮੁਥਾਜ ਹਨ । ਹਾਂ, ਉਹਨਾਂ ਨੂੰ ਉਹਨਾਂ ਵਿਅਰਥ ਗਲੱਾਂ ਵਿੱਚ ਨਹੀਂ ਪੈਣਾ ਚਰਹੀਦਾ ਕਿ ਅਸੀਂ ਇਸ ਰੂਹਾਨੀ ਮਲੱਾਹ ਦੀ ਕੋਈ ਲੋੜ ਨਹੀਂ ਸਮਝਦੇ, ਅਸੀਂ ਆਪ ਅਜਿਹੇ ਤੇ ਅਜਿਹੇ ਹਾਂ । ਉਹਨਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਅਵਸ਼ ਹੀ ਉਹਨਾ ਨੂੰ ਲੋੜ ਹੈ ਜਿਵੇਂ ਇਸਤਰੀ ਨੂੰ ਪੁਰੁਸ਼ ਦੀ ਲੋੜ ਹੈ । ਰੱਬ ਨੇ ਹਰ ਇਕ ਨੂੰ ਇਕ ਕੰਮ ਲਈ ਪੈਦ ਕੀਤਾ ਹੈ । ਇਸ ਲਈ ਜੋ ਮਨੁੱਖ ਇਮਾਮਤ ਲਈ ਪੈਦਾ ਨਹੀਂ ਕੀਤਾ ਗਿਆ ਜੇਕਰ ਉਹ ਅਜਿਹਾ ਦਾਵਾ ਮੂੰਹ'ਤੇ ਲਿਆਏਗਾ ਤਾਂ ਉਹ ਲੋਕਾਂ ਤੋਂ ਉਸੇ ਪ੍ਰਕਾਰ ਆਪਣਾ ਹਾਸਾ ਠੱਠਾ ਕਰਾਏਗਾ ਜਿਵੇਂ ਕਿ ਇਕ ਮੂਰਖ ਵਲੀ ਨੇ ਬਾਦਸ਼ਾਹ ਦੇ ਰੂਬਰੂ ਆਪਣਾ ਹਾਸਾ ਠੱਠਾ ਕਰਾਇਆ ਸੀ । ਉਹ ਕਿਸੱਾ ਇਉਂ ਹੈ ਕਿ ਕਿਸੇ ਸ਼ਹਿਰ ਵਿੱਚ ਇਕ ਜ਼ਾਹਿਦ (ਤਪਸੱਵੀ) ਸੀ ਜੋ ਨੇਕ ਤੇ ਸੰਜਮੀ ਤਾਂ ਸੀ ਪਰ ਗਿਆਨ ਤੋਂ ਸੱਖਣਾ ਸੀ । ਬਾਦਸ਼ਾਹ ਨੂੰ ਉਸ'ਤੇ ਵਿਸ਼ਵਾਸ ਤੇ ਆਸਥਾ ਸੀ । ਵਜ਼ੀਰ ਉਸਦੀ ਅਗਿਆਨਤਾ ਕਰਕੇ ਉਸ'ਤੇ ਵਿਸ਼ਵਾਸ ਨਹੀਂ ਕਰਦਾ ਸੀ । ਇਕ ਵਾਰ ਵਜ਼ੀਰ ਅਤੇ ਬਾਦਸ਼ਾਹ ਦੋਵੇਂ ਉਸਨੂੰ ਮਿਲਣ ਲਈ ਗਏ । ਉਸਨੇ ਐਵੇਂ ਹੀ ਇਸਲਾਮੀ ਇਤਿਹਾਸ ਵਿੱਚ ਦਖ਼ਲਾ ਦਿੰਦਿਆਂ ਹੋਇਆਂ ਬਾਦਸ਼ਾਹ ਨੂੰ ਕਿਹਾ ਕਿ ਸਿਕੰਦਰ ਰੂਮੀ ਵੀ ਇਸ ਉਮੱਤ ਵਿੱਚ ਇਕ ਵੱਡਾ ਬਾਦਸ਼ਾਹ ਲੰਘਿਆ ਹੈ । ਵਜ਼ੀਰ ਨੂੰ ਨੁਕਤਾ ਚੀਨੀ ਦਾ ਮੌਕਾ ਮਿਲਿਆ ਅਤੇ ਝੱਟ ਆਖਣ ਲੱਗਾ ਕਿ ਦੇਖੋ

ਹਜ਼ੂਰ, ਫ਼ਕੀਰ ਸਾਹਿਬ ਨੂੰ ਰਿਸ਼ੀਆਂ ਮੁਨੀਆਂ ਤੇ ਵਲੀਆਂ ਦੀ ਕਰਾਮਾਤਾਂ ਤੋਂ ਬਿਨਾ ਇਤਿਹਾਸ ਦਾ ਵੀ ਬਹੁਤ ਗਿਆਨ ਹੈ । ਸੋ, ਜਮਾਨੇ ਦੇ ਇਮਾਮ ਨੂੰ ਵਿਰੋਧੀਆਂ ਅਤੇ ਆਮ ਪ੍ਰਸ਼ਨਕਾਰੀਆਂ ਦੇ ਟਾਕਰੇ ’ਤੇ ਇੰਨ੍ਹੇ ਇਲਹਾਮਾ ਦੀ ਲੋੜ ਨਹੀ ਜਿੰਨ੍ਹੀ ਗਿਆਨ ਸ਼ਕਤੀ ਦੀ ਲੋੜ ਹੈ । ਕਿਉਂਕਿ ਸ਼ਰੀਅਤ ਉਪੱਰ ਹਰ ਪ੍ਰਕਾਰ ਦੇ ਇਤਰਾਜ਼ ਕਰਨ ਵਾਲੇ ਹੁੰਦੇ ਹਨ । ਵੈਦਿਕ ਪੱਖੋਂ ਵੀ, ਖਗੋਲ ਸ਼ਾਸਤਰ ਦੇ ਪੱਖੋਂ ਵੀ, ਭੁਗੋਲ ਸ਼ਾਸਤਰ ਦੇ ਪੱਖੋਂ ਵੀ, ਪ੍ਰਮਾਣਿਕ ਇਸਲਾਮਕ ਪੁਸਤਕਾਂ ਦੇ ਪੱਖੋਂ ਵੀ, ਅਕਲ ਪੱਖੋਂ ਵੀ ਅਤੇ ਨਕਲ ਪੱਖੋਂ ਵੀ । ਜ਼ਮਾਨੇ ਦਾ ਇਮਾਮ ਇਸਲਾਮ ਦਾ ਸਹਾਇਕ ਅਖਵਾਉਂਦਾ ਹੈ ਅਤੇ ਇਸ ਬਾਗ਼ ਦਾ ਰੱਬ ਵੱਲੋਂ ਬਾਗ਼ਬਾਨ ਠਹਿਰਾਇਆ ਜਾਂਦਾ ਹੈ । ਉਸਦਾ ਫ਼ਰਜ਼ ਹੁੰਦਾ ਹੈ ਕਿ ਹਰ ਇਕ ਇਤਰਾਜ਼ ਨੂੰ ਦੂਰ ਕਰੇ ਅਤੇ ਹਰ ਇਕ ਖੰਡਨ ਕਰਤਾ ਦਾ ਮੂੰਹ ਬੰਦ ਕਰ ਦੇਵੇ ਕੇਵਲ ਇਹ ਹੀ ਨਹੀ ਸਗੋਂ ਇਹ ਵੀ ਫ਼ਰਜ਼ ਹੁੰਦਾ ਹੈ ਕਿ ਨਾ ਕੇਵਲ ਇਤਰਾਜ਼ ਦੂਰ ਕਰੇ ਸਗੋਂ ਇਸਲਾਮ ਦੀ ਖ਼ੂਬੀਆਂ ਅਤੇ ਵਿਲਖੱਣਤਾ ਨੂੰ ਦੁਨੀਆ ਉਪੱਰ ਪ੍ਰਗਟ ਕਰੇ । ਸੋ, ਅਜਿਹਾ ਮਨੁੱਖ ਅਤਿਅੰਤ ਮਾਣ ਯੋਗ ਅਤੇ ਵੱਡਿਆਈ ਦਾ ਪਾਤਰ ਹੈ ਕਿਉਂਕਿ ਉਸਦੇ ਵਜੂਦ ਨਾਲ ਇਸਲਾਮ ਦਾ ਜੀਵਨ ਪ੍ਰਗਟ ਹੁੰਦਾ ਹੈ ਅਤੇ ਇਸਲਾਮ ਦਾ ਫ਼ਖ਼ਰ ਅਤੇ ਸਾਰਿਆਂ ਮਨੁੱਖਾਂ ਉਪੱਰ ਰੱਬ ਦੀ ਪ੍ਰਮਾਣਿਕਤਾ ਹੁੰਦੀ ਹੈ ਅਤੇ ਕਿਸੇ ਲਈ ਜਾਇਜ਼ ਨਹੀਂ ਹੁੰਦਾ ਕਿ ਉਸਤੋਂ ਵੱਖਰਿਆਂ ਹੋਵੇ ਕਿਉਂਕਿ ਖ਼ੁਦਾ ਤਆਲਾ ਦੇ ਨਿਸ਼ਚੇ ਅਤੇ ਹੁਕਮ ਨਾਲ ਇਸਲਾਮ ਦੇ ਮਾਣ ਤੇ ਮਰਿਆਦਾ ਦਾ ਰੱਖਿਅਕ, ਸਾਰਿਆਂ ਮੁਸਲਮਾਨਾਂ ਦਾ ਹਮਦਰਦ ਅਤੇ ਧਾਰਮਕ ਪੂਰਨਤਾ ਉਪੱਰ ਦਾਇਰੇ (ਵ੍ਰਿਤ) ਵਾਂਗ ਚਾਰੇ ਪਾਸੇ ਫੈਲਿਆ ਹੁੰਦਾ ਹੈ । ਇਸਲਾਮ ਤੇ ਕੁਫ਼ਰ ਦੇ ਅਖਾੜੇ ਵਿੱਚ ਉਹੋ ਕੰਮ ਆਉਂਦਾ ਹੈ ਅਤੇ ਉਸੇ ਦਾ ਪਾਕ ਵੁਜੂਦ ਕੁਫ਼ਰ ਨੂੰ ਦੂਰ ਭਜਾਉਂਦਾ ਹੈ। ਉਹ ਇਕ ਮਸ਼ੀਨ ਵਾਂਗ ਤੇ ਬਾਕੀ ਸਾਰੇ ਉਸਦੇ ਅੰਗ ਹੁੰਦੇ ਹਨ ।

ਊ ਚੂ ਕਲ ਵ ਤੂ ਚੂ ਜੁਜ਼ਈ ਨੇ ਕਲੀ ।
ਤੂ ਹਲਾਕ ਅਸਤੀ ਗਰ ਅਜ਼ ਦੇ ਬਗਸਲੀ

## ਚੌਥੀ ਸ਼ਕਤੀ ਨਿਸ਼ਚਾ ਹੈ :

ਜੋ ਇਮਾਮ ਲਈ ਜ਼ਰੂਰੀ ਹੈ । ਨਿਸ਼ਚੇ ਤੋਂ ਭਾਵ ਇਹ ਹੈ ਕਿ ਕਿਸੇ ਵੀ ਹਾਲਤ ਵਿੱਚ ਨ ਥਕਣਾ, ਨ ਨਿਰਾਸ਼ ਹੋਣਾ ਤੇ ਨ ਹੀ ਇਰਾਦਿਆਂ ਵਿੱਚ ਢਿੱਲਿਆਂ ਪੈਣਾ । ਕਈ ਵਾਰ ਨਬੀਆਂ, ਰਸੂਲਾਂ ਅਤੇ ਮੁਹੱਦਿਸਾਂ (ਹਦੀਸਾਂ ਦਾ ਗਿਆਨ ਰਖੱਣ ਵਾਲੇ) ਨੂੰ ਜੋ ਸਮੇਂ ਦੇ ਇਮਾਮ ਹੁੰਦੇ ਹਨ ਅਜਿਹੀਆਂ ਔਕੜਾਂ ਪੈ ਜਾਂਦੀਆਂ ਹਨ ਕਿ ਵੇਖਣ ਨੂੰ ਅਜਿਹੇ ਕਸ਼ਟਾਂ ਵਿੱਚ ਫਸ ਜਾਂਦੇ ਹਨ ਕਿ ਸੰਭਵਤਾ ਰੱਬ ਨੇ ਉਹਨਾਂ ਨੂੰ ਛੱਡ ਦਿੱਤਾ ਹੈ ਅਤੇ ਉਹਨਾ ਨੂੰ ਮਾਰ ਮੁਕਾਉਣ ਦਾ ਨਿਸ਼ਚਾ ਕਰ ਲਿਆ ਹੈ ਅਤੇ ਕਈ ਵਾਰ ਉਹਨਾ ਦੀ ਵਹੀ ਤੇ ਇਲਹਾਮ ਵਿੱਚ ਦੇਰੀ ਹੋ ਜਾਂਦੀ ਹੈ ਇਕ ਲੰਮੇ ਸਮੇਂ ਤੱਕ ਕੁਝ ਵੀ ਵਹੀ ਨਹੀਂ ਹੁੰਦੀ ਅਤੇ ਕਈ ਵਾਰ ਉਹਨਾਂ ਦੀਆਂ ਭਵਿੱਖਬਾਣੀਆਂ ਪ੍ਰੀਖਿਆ ਦੇ ਰੂਪ ਵਿੱਚ ਪ੍ਰਗਟ ਹੁੰਦੀ ਹਨ ਅਤੇ ਲੋਕਾਂ ਉਪੱਰ ਉਹਨਾਂ ਦੀ ਸਚੱਾਈ ਨਹੀਂ ਖੁਲਦੀ । ਕਈ ਵਾਰ ਉਹਨਾਂ ਦੇ ਮੰਤਵ ਦੀ ਪ੍ਰਾਪਤੀ ਵਿੱਚ ਕੁਝ ਦੇਰੀ ਪੈ ਜਾਂਦੀ ਹੈ । ਕਈ ਵਾਰ ਉਹ ਦੁਨੀਆ ਵਿੱਚ ਨਕਾਰੇ, ਤ੍ਰਿਸਕਾਰੇ, ਧ੍ਰਿਕੱਾਰੇ ਤੇ ਭ੍ਰਸ਼ਟਾਂ ਵਾਂਗ ਨਿ:ਸਹਾਏ ਹੁੰਦੇ ਹਨ ਅਤੇ ਹਰ ਇਕ ਮਨੁੱਖ ਜੋ ਉਹਨਾ ਨੂੰ ਗਾਲ੍ਹ ਕਢੱਦਾ ਹੈ ਤਾਂ ਖਿਆਲ ਕਰਦਾ ਹੈ ਕਿ ਸੰਭਵਤਾ ਮੈਂ ਕੋਈ ਵੱਡਾ ਪੁੰਨ ਦਾ ਕੰਮ ਕਰ ਰਿਹਾ ਹਾਂ । ਹਰ ਕੋਈ ਉਹਨਾ ਨਾਲ ਘ੍ਰਿਣਾ ਕਰਦਾ ਹੈ ਅਤੇ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦਾ ਹੈ ਅਤੇ ਨਹੀ ਚਾਹੁੰਦਾ ਕਿ ਉਸਦੇ ਸਲਾਮ ਦਾ ਵੀ ਉਤੱਰ ਦੇਵੇ । ਪਰ ਅਜਿਹੇ ਸਮੇਂ ਉਹਨਾਂ ਦੇ ਨਿਸ਼ਚੇ ਦੀ ਪ੍ਰੀਖਿਆ ਹੁੰਦੀ ਹੈ । ਉਹ ਕਦੇ ਵੀ ਇਹਨਾ ਪ੍ਰੀਖਿਆਵਾਂ ਤੋਂ ਬੇਦਿਲ ਨਹੀਂ ਹੁੰਦੇ ਅਤੇ ਨਾ ਹੀ ਆਪਣੇ ਕੰਮ ਵਿੱਚ ਨਿਰਾਸ਼ ਹੁੰਦੇ ਹਨ । ਇੱਥੋਂ ਤੱਕ ਕਿ ਇਲਾਹੀ ਮਦਦ ਦਾ ਸਮਾਂ ਆ ਜਾਂਦਾ ਹੈ ।

## ਪੰਜਵੀਂ ਸ਼ਕਤੀ ਅਲੱਾਹ ਦੇ ਦਰਗਾਹ ਵਿੱਚ ਪਰਵਾਨਗੀ ਹੈ :

ਜੋ ਇਮਾਮ ਲਈ ਜ਼ਰੂਰੀ ਹੈ । ਅਲੱਾਹ ਦੇ ਦਰਗਾਹ ਵਿੱਚ ਪਰਵਾਨਗੀ ਤੋਂ ਭਾਵ ਇਹ ਹੈ ਕਿ ਉਹ ਲੋਕ ਦੁੱਖਾਂ ਤੇ ਔਕੜਾਂ ਸਮੇਂ ਅਤੇ ਭਾਵ ਉਸ ਸਮੇਂ ਜੱਦ

ਦੁਸ਼ਮਨ ਨਾਲ ਕਰੜਾ ਮੁਕਾਬਲਾ ਆਣ ਪਏ ਅਤੇ ਕਿਸੇ ਨਿਸ਼ਾਨ (ਚਮਤਕਾਰ) ਦੀ ਮੰਗ ਹੋਵੇ ਜਾਂ ਕਿਸੇ ਜਿੱਤ ਦੀ ਲੋੜ ਹੋਵੇ ਜਾਂ ਕਿਸੇ ਦੀ ਹਮਦਰਦੀ ਵਾਜਬ ਹੋਵੇ ਤਾਂ ਰੱਬ ਵੱਲ ਝੁਕਦੇ ਹਨ ਅਤੇ ਫਿਰ ਅਜਿਹੇ ਝੁਕਦੇ ਹਨ ਕਿ ਉਹਨਾਂ ਦੀ ਸਚੱਾਈ, ਅਖ਼ਲਾਸ, ਪ੍ਰੇਮ, ਵਫ਼ਾਦਾਰੀ ਅਤੇ ਦ੍ਰਿੜ ਨਿਸ਼ਚੇ ਨਾਲ ਭਰੀਆਂ ਹੋਈਆਂ ਦੁਆਵਾਂ ਨਾਲ ਫ਼ਰਿਸ਼ਤਿਆਂ ਦਾ ਆਕਾਸ਼ ਵਿੱਚ ਸ਼ੋਰ ਪੈ ਜਾਂਦਾ ਹੈ ਅਤੇ ਉਹਨਾਂ ਦੀ ਮਗਨਤਾ, ਲੀਨਤਾ ਤੇ ਰੱਬ ਅੱਗੇ ਗਿੜਗੜਾਉਣ ਨਾਲ ਆਕਾਸ਼ਾਂ ਵਿੱਚ ਇਕ ਗੰਭੀਰ ਸ਼ੋਰ ਪੈਦਾ ਹੋਕੇ ਫ਼ਰਿਸ਼ਤਿਆਂ ਵਿੱਚ ਚਿੰਤਾ ਪਾਉਂਦਾ ਹੈ । ਫਿਰ ਜਿਵੇਂ ਗਰਮੀ ਦੀ ਇੰਤਿਹਾ ਹੋਣ ਮਗਰੋਂ ਬਰਸਾਤ ਦੇ ਅਰੰਭ ਹੋਣ ਲਈ ਆਕਾਸ਼ਾਂ ਉਪੱਰ ਬਦੱਲ ਆਉਣੇ ਸ਼ੁਰੂ ਹੋ ਜਾਂਦੇ ਹਨ ਉਸੇ ਪ੍ਰਕਾਰ ਉਹਨਾਂ ਦੇ ਅਲੱਾਹ ਦੀ ਦਰਗਾਹ ਵਿੱਚ ਹਰਾਰਤ ਅਰਥਾਤ ਰੱਬ ਵੱਲ ਪੂਰਨ ਧਿਆਨ ਦੀ ਗਰਮੀ ਨਾਲ ਆਕਾਸ਼ਾਂ ਉਪੱਰ ਕੁਝ ਬਨਾਉਣਾ ਸ਼ੁਰੂ ਕਰ ਦਿੰਦੀ ਹੈ ਅਤੇ ਤਕਦੀਰਾਂ ਬਦਲਦੀਆਂ ਹਨ ਅਤੇ ਇਲਾਹੀ ਇਰਾਦੇ ਹੋਰ ਰੰਗ ਫੜਦੇ ਹਨ ਇੱਥੋਂ ਤੱਕ ਕਿ ਪਰਲੈ ਦੀਆਂ ਠੰਡੀਆਂ ਹਵਾਵਾਂ ਚਲੱਣੀਆਂ ਅਰੰਭ ਹੋ ਜਾਂਦੀਆਂ ਹਨ ਅਤੇ ਜਿਵੇਂ ਤਾਪ ਦਾ ਮਾਦਾ ਰੱਬ ਵੱਲੋਂ ਹੀ ਪੈਦਾ ਹੁੰਦਾ ਹੈ ਅਤੇ ਫਿਰ ਉਸ ਵਿਰੇਚਕ ਦੀ ਔਸ਼ਧ ਵੀ ਰੱਬ ਦੇ ਹੁਕਮ ਨਾਲ ਉਸ ਮਾਦੇ ਨੂੰ ਬਾਹਰ ਕਢੱਦੀ ਹੈ । ਅਜਿਹਾ ਹੀ ਰੱਬ ਦੇ ਬੰਦਿਆਂ ਦਾ ਰੱਬ ਦੀ ਦਰਗਾਹ ਵਿੱਚ ਪਰਵਾਨ ਹੋਣ ਦਾ ਪ੍ਰਭਾਵ ਹੁੰਦਾ ਹੈ

ਆਂ ਦੁਆਏ ਸ਼ੇਖ਼ ਨੇ ਚੂੰ ਹਰ ਦੁਆਸਤ ।
ਫ਼ਾਨੀ ਅਸਤ ਵ ਦਸਤੇ ਊ ਦਸਤੇ ਖ਼ੁਦਾਸਤ ।

ਜ਼ਮਾਨੇ ਦੇ ਇਮਾਮ ਦੀ ਅਲੱਾਹ ਦੇ ਦਰਬਾਰ ਵਿੱਚ ਪਰਵਾਨਗੀ ਅਰਥਾਤ ਉਸਦਾ ਰੱਬ ਵੱਲ ਧਿਆਨ ਸਾਰੇ ਓਲੀਆ ਨਾਲੋਂ ਵੱਧ ਤੇਜ਼ ਅਤੇ ਛੇਤੀ ਪ੍ਰਭਾਵ ਕਰਨ ਵਾਲਾ ਹੁੰਦਾ ਹੈ । ਜਿਵੇਂ ਕਿ ਮੂਸਾ ਅਲੈਹਿ ਸਲਾਮ ਆਪਣੇ ਸਮੇਂ ਦੇ ਇਮਾਮ ਸਨ ਅਤੇ ਬਲਅਮ ਆਪਣੇ ਸਮੇਂ ਦਾ ਵਲੀ ਸੀ ਜਿਸਨੂੰ ਖ਼ੁਦਾ ਤਆਲਾ ਨਾਲ ਕਲਾਮ ਤੇ ਸੰਬੋਧਨ ਹੋਣ ਦਾ ਮਾਣ ਪ੍ਰਾਪਤ ਸੀ ਭਾਵ ਉਸ ਦੀਆਂ ਦੁਆਵਾਂ

ਪਰਵਾਨ ਹੁੰਦੀਆਂ ਸਨ । ਪਰ ਜੱਦ ਮੂਸਾ ਅਲੈਹਿ ਸਲਾਮ ਨਾਲ ਬਲਅਮ ਦਾ ਟਾਕਰਾ ਹੋਇਆ ਤਾਂ ਉਹ ਮੁਕਾਬਲਾ ਬਲਅਮ ਨੂੰ ਇਸ ਪ੍ਰਕਾਰ ਨਸ਼ਟ ਕਰ ਗਿਆ ਜਿਵੇਂ ਇਕ ਤਿੱਖੀ ਤਲਵਾਰ ਇੱਕੋ ਵਾਰ ਵਿੱਚ ਸਿਰ ਨੂੰ ਸ਼ਰੀਰ ਨਾਲੋਂ ਵੱਖ ਕਰ ਦਿੰਦੀ ਹੈ । ਕਿਉਂਕਿ ਉਸ ਬੇਨਸੀਬੇ ਬਲਅਮ ਨੂੰ ਇਸ ਫ਼ਲਾਸਫ਼ੀ ਦਾ ਗਿਆਨ ਨਹੀਂ ਸੀ ਕਿ ਬੇਸ਼ਕ ਰੱਬ ਕਿਸੇ ਨਾਲ ਕਲਾਮ ਕਰੇ ਅਤੇ ਉਸਨੂੰ ਆਪਣਾ ਪਿਆਰਾ ਤੇ ਸਨਮਾਨਤ ਠਹਿਰਾਏ ਪਰ ਜੋ ਕਿਰਪਾ ਤੇ ਮਿਹਰ ਵਿੱਚ ਵੱਧ ਕੇ ਹੈ ਜੱਦ ਉਸ ਮਨੁੱਖ ਨਾਲ ਉਸਦਾ ਮੁਕਾਬਲਾ ਹੋਵੇਗਾ ਤਾਂ ਇਹ ਨਸ਼ਟ ਹੋ ਜਾਏਗਾ । ਉਸ ਸਮੇਂ ਕੋਈ ਇਲਹਾਮ ਕੰਮ ਨਹੀਂ ਆਏਗਾ ਅਤੇ ਨਾ ਹੀ ਦੁਆ ਦਾ ਪਰਵਾਣਿਤ ਹੋਣਾ ਉਸ ਦੀ ਕੁਝ ਮਦਦ ਕਰੇਗਾ । ਇਹ ਤਾਂ ਇਕ ਬਲਅਮ ਸੀ, ਪਰ ਮੈਂ ਜਾਣਦਾ ਹਾਂ ਕਿ ਸਾਡੇ ਨਬੀ ਸਲਲੱਾਹੁ ਅਲੈਹਿ ਵਸਲੱਮ ਦੇ ਸਮੇਂ ਵਿੱਚ ਇਸ ਪ੍ਰਕਾਰ ਦੇ ਹਜ਼ਾਰਾਂ ਹੀ ਬਲਅਮ ਹਲਾਕ ਹੋਏ ਜਿਵੇਂ ਕਿ ਯਹੂਦੀਆਂ ਦੇ ਰਾਹਿਬ (ਸੰਨਿਆਸੀ ਧਾਰਮਕ ਆਗੂ) ਈਸਾਈ ਧਰਮ ਦੇ ਮਰਨ ਮਗਰੋਂ ਅਧਿਕਤਰ ਅਜਿਹੇ ਹੀ ਸਨ ।

## ਛੇਵੀਂ ਸ਼ਕਤੀ ਕਸ਼ਫ਼ (ਇਲਾਹੀ ਨਜ਼ਾਰੇ, ਸੱਚੇ ਸੁਪਨੇ ਤੇ ਦਿਵ ਦ੍ਰਿਸ਼ਟੀ) ਅਤੇ ਇਲਹਾਮ (ਇਲਾਹੀ ਕਲਾਮ) ਹਨ :

ਜੋ ਇਮਾਮ ਲਈ ਜਰੂਰੀ ਹੁੰਦਾ ਹੈ । ਜ਼ਮਾਨੇ ਦਾ ਇਮਾਮ ਅਧਿਕਤਰ ਇਲਹਾਮਾਂ ਰਾਹੀਂ ਰੱਬ ਤੋਂ ਗਿਆਨ, ਸਚੱਾਈ ਤੇ ਮੁਆਰਫ ਪ੍ਰਾਪਤ ਕਰਦਾ ਹੈ । ਉਸਦੇ ਇਲਹਾਮ ਹੋਰਨਾ 'ਤੇ ਅਨੁਮਾਨਤ ਨਹੀਂ ਹੋ ਸਕਦੇ ਕਿਉਂਕਿ ਉਹ ਵਿਵਰਣ, ਅਵਸਥਾ ਤੇ ਮਿਕਦਾਰ ਵਿੱਚ ਇਸ ਆਲਾ ਦਰਜੇ ਦੇ ਹੁੰਦੇ ਹਨ ਜਿਸ ਤੋਂ ਵੱਧ ਕੇ ਮਨੁੱਖ ਲਈ ਸੰਭਵ ਨਹੀਂ ਅਤੇ ਉਹਨਾ ਰਾਹੀਂ ਗਿਆਨ ਖੁਲਦੇ ਹਨ ਕੁਰਆਨ ਕਰੀਮ ਦੇ ਮੁਆਰਫ਼ ਪਤਾ ਲਗਦੇ ਹਨ । ਧਾਰਮਕ ਭੇਦ ਤੇ ਔਕੜਾਂ ਹਲ ਹੁੰਦੀਆਂ ਹਨ । ਉੱਚ ਦਰਜੇ ਦੀਆਂ ਭਵਿੱਖਬਾਣੀਆਂ ਜੋ ਵਿਰੋਧੀਆਂ ਉਪੱਰ

ਪ੍ਰਭਾਵ ਪਾ ਸਕਣ ਪ੍ਰਗਟ ਹੁੰਦੀਆਂ ਹਨ । ਭਾਵ ਇਹ ਕਿ ਜੋ ਜ਼ਮਾਨੇ ਦੇ ਇਮਾਮ ਹੋਣ, ਉਹਨਾ ਦੇ ਕਸ਼ਫ਼ ਅਤੇ ਇਲਹਾਮ ਕੇਵਲ ਆਪਣੇ ਲਈ ਨਹੀਂ ਹੁੰਦੇ ਸਗੋਂ ਧਰਮ ਦੀ ਮਦਦ ਅਤੇ ਈਮਾਨ ਦੀ ਪੱਕਿਆਈ ਲਈ ਅਤਿਅੰਤ ਲਾਭ ਦਾਇਕ ਤੇ ਬਰਕਤਾਂ ਭਰਪੂਰ ਹੁੰਦੇ ਹਨ ਅਤੇ ਖ਼ੁਦਾ ਤਆਲਾ ਉਹਨਾਂ ਨਾਲ ਅਤਿਅੰਤ ਸਪਸ਼ਟਤਾ ਨਾਲ ਕਲਾਮ ਕਰਦਾ ਹੈ ਅਤੇ ਉਹਨਾਂ ਦੀ ਦੁਆ ਦਾ ਉਤੱਰ ਦਿੰਦਾ ਹੈ । ਕਈ ਵਾਰ ਪ੍ਰਸ਼ਨ ਉਤੱਰ ਦੀ ਲੜੀ ਬਣਕੇ ਇਕ ਹੀ ਵਾਰ ਵਿੱਚ ਪ੍ਰਸ਼ਨ ਦੇ ਬਾਦ ਉਤੱਰ, ਫਿਰ ਪ੍ਰਸ਼ਨ ਦੇ ਬਾਦ ਉਤੱਰ ਅਤੇ ਫਿਰ ਪ੍ਰਸ਼ਨ ਦੇ ਬਾਦ ਉਤੱਰ, ਅਜਿਹੇ ਸਪਸ਼ਟ, ਆਨੰਦਮਈ ਤੇ ਵਿਸਥਾਰ ਨਾਲ ਇਲਹਾਮ ਦੇ ਰੂਪ ਵਿੱਚ ਸ਼ੁਰੂ ਹੁੰਦਾ ਹੈ ਕਿ ਇਲਹਾਮ ਪ੍ਰਾਪਤ ਕਰਤਾ ਅਨੁਭਵ ਕਰਦਾ ਹੈ ਕਿ ਉਹ ਖ਼ੁਦਾ ਤਆਲਾ ਨੂੰ ਦੇਖ ਰਿਹਾ ਹੈ । ਇਮਾਮ ਦਾ ਇਲਹਾਮ ਅਜਿਹਾ ਨਹੀਂ ਹੁੰਦਾ ਕਿ ਜਿਵੇਂ ਇਕ ਗੋਫ਼ਨ ਅੰਦਾਜ਼ ਲੁਕ ਕੇ ਮਿੱਟੀ ਦਾ ਢੇਲਾ ਸੁੱਟ ਕੇ ਨੱਸ ਜਾਏ ਅਤੇ ਪਤਾ ਨਾ ਲੱਗੇ ਕਿ ਉਹ ਕੌਣ ਸੀ ਅਤੇ ਕਿੱਥੇ ਗਿਆ ਸਗੋਂ ਖ਼ੁਦਾ ਤਆਲਾ ਉਹਨਾਂ ਤੋਂ ਬਹੁਤ ਹੀ ਨੇੜੇ ਹੋ ਜਾਂਦਾ ਹੈ ਅਤੇ ਕਿਸੇ ਹੱਦ ਤੱਕ ਪਰਦਾ ਆਪਣੇ ਚਿਹਰੇ ਤੋਂ ਜੋ ਕੇਵਲ ਨੂਰ ਹੈ ਲਾਹ ਦਿੰਦਾ ਹੈ । ਇਹ ਅਵਸਥਾ ਹੋਰਨਾ ਨੂੰ ਪ੍ਰਾਪਤ ਨਹੀਂ ਹੁੰਦੀ, ਸਗੋਂ ਉਹ ਤਾਂ ਕਈ ਵਾਰ ਆਪਣੇ ਆਪ ਨੂੰ ਅਜਿਹਾ ਅਨੁਭਵ ਕਰਦੇ ਹਨ ਸੰਭਵਤਾ ਕੋਈ ਉਹਨਾਂ ਨਾਲ ਠੱਠਾ ਕਰ ਰਿਹਾ ਹੈ । ਇਮਾਮ ਦੀਆਂ ਇਲਾਹੀ ਭਵਿੱਖਬਾਣੀਆਂ ਗ਼ੈਬ ਦੇ ਪ੍ਰਗਟ ਕਰਨ ਦਾ ਰੁਤਬਾ ਰੱਖਦੀਆਂ ਹਨ ਅਰਥਾਤ ਗ਼ੈਬ ਨੂੰ ਹਰ ਇਕ ਪੱਖੋਂ ਅਜਿਹਾ ਆਪਣੇ ਕਬਜ਼ੇ ਵਿੱਚ ਕਰ ਲੈਂਦੇ ਹਨ ਜਿਵੇਂ ਕਿ ਘੁੜ ਸਵਾਰ ਆਪਣੇ ਚਾਬਕ ਨਾਲ ਘੋੜੇ ਨੂੰ ਆਪਣੇ ਕਬਜ਼ੇ ਵਿੱਚ ਕਰ ਲੈਂਦਾ ਹੈ । ਇਹ ਸ਼ਕਤੀ ਤੇ ਪ੍ਰਤਾਪ ਉਹਨਾਂ ਦੇ ਇਲਹਾਮ ਨੂੰ ਇਸ ਲਈ ਦਿੱਤਾ ਜਾਂਦਾ ਹੈ ਕਿ ਉਹਨਾਂ ਦੇ ਪਾਕ ਇਲਹਾਮ ਸ਼ੈਤਾਨੀ ਇਲਹਾਮਾਂ ਤੋਂ ਸ਼ੰਕੇ ਵਾਲੇ ਨਾ ਹੋਣ ਅਤੇ ਉਹ ਦੂਜਿਆਂ ਲਈ ਦਲੀਲ ਬਣ ਸਕਣ ।

ਸਪਸ਼ਟ ਹੋਵੇ ਕਿ ਸ਼ੈਤਾਨੀ ਇਲਹਾਮ ਹੋਣਾ ਸੱਚ ਹੈ । ਕੁਝ ਅਧੂਰੇ ਸਾਲਿਕ ਲੋਕਾਂ (ਅਜਿਹੇ ਲੋਕ ਜੋ ਰੱਬ ਦੀ ਨੇੜਤਾ ਵੀ ਚਾਹੁੰਦੇ ਹਨ ਅਤੇ ਦੁਨੀਆਦਾਰੀ

ਵਿੱਚ ਵੀ ਲੱਗੇ ਰਹਿੰਦੇ ਹਨ) ਨੂੰ ਹੋਇਆ ਕਰਦੇ ਹਨ । ਮਨ ਘੜੰਤ ਹਦੀਸਾਂ ਵੀ ਹੁੰਦੀਆਂ ਹਨ ਜਿੰਨ੍ਹਾਂ ਨੂੰ ਅਜ਼ਗ਼ਾਸੇ ਅਹਲਾਮ (ਖਿੰਡੇ ਪੁੰਡੇ ਸੁਪਨੇ ਜਿੰਨ੍ਹਾਂ ਦਾ ਕੋਈ ਅਰਥ ਨਹੀਂ ਹੁੰਦਾ) ਕਹਿੰਦੇ ਹਨ । ਜੋ ਮਨੁੱਖ ਇਸ ਤੋਂ ਇਨਕਾਰ ਕਰੇ ਉਹ ਕੁਰਆਨ ਸ਼ਰੀਫ਼ ਦੀ ਵਿਰੋਧਤਾ ਕਰਦਾ ਹੈ ਕਿਉਂਕਿ ਕੁਰਆਨ ਸ਼ਰੀਫ਼ ਦੇ ਵਰਨਣ ਨਾਲ ਸ਼ੈਤਾਨੀ ਇਲਹਾਮ ਸਿੱਧ ਹਨ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਜੱਦ ਤੱਕ ਮਨੁੱਖ ਦਾ ਨਫ਼ਸ ਪੂਰਨ ਤੇ ਕਾਮਲ ਤੋਰ'ਤੇ ਪਾਕ ਨਾ ਹੋਵੇ ਉਦੋਂ ਤੱਕ ਉਸਨੂੰ ਸ਼ੈਤਾਨੀ ਇਲਹਾਮ ਹੋ ਸਕਦਾ ਹੈ ਅਤੇ ਉਹ ਆਇਤ

ਅਲਾ ਕੁੱਲੇ ਅਫ਼ੱਾਕਿਨ ਅਸੀਮ (الشعراء 223)(عَلٰى كُلِّ أَفَّاكٍ أَثِيمٍ)

ਹੇਠ ਆ ਸਕਦਾ ਹੈ ਪਰ ਪਾਕ ਲੋਕਾਂ ਨੂੰ ਤੁਰੰਤ ਸੂਚਿਤ ਕੀਤਾ ਜਾਂਦਾ ਹੈ । ਖੇਦ ਹੈ ਕਿ ਕੁਝ ਪਾਦਰੀਆਂ ਨੇ ਆਪਣੀਆਂ ਲਿਖੱਤਾਂ ਵਿੱਚ ਹਜ਼ਰਤ ਈਸਾ ਅਲੈਹਿ ਸਲਾਮ ਬਾਰੇ ਉਸ ਘਟਨਾ ਦੀ ਵਿਆਖਿਆ ਵਿੱਚ ਜੱਦ ਉਹਨਾਂ ਨੂੰ ਇਕ ਪਹਾੜੀ ਉਪੱਰ ਸ਼ੈਤਾਨ ਲੈ ਗਿਆ, ਐਨੀ ਜੁਰੱਤ ਕੀਤੀ ਹੈ ਕਿ ਉਹ ਲਿਖੱਦੇ ਹਨ ਕਿ ਇਹ ਕੋਈ ਖ਼ਾਰਜੀ ਗੱਲ ਨਹੀਂ ਸੀ ਜਿਸਨੂੰ ਦੁਨੀਆ ਦੇਖਦੀ ਅਤੇ ਜਿਸਨੂੰ ਯਹੂਦੀ ਵੀ ਅਵਲੋਕਣ ਕਰਦੇ ਸਗੋਂ ਇਹ ਸ਼ੈਤਾਨੀ ਇਲਹਾਮ ਹਜ਼ਰਤ ਮਸੀਹ ਅਲੈਹਿ ਸਲਾਮ ਨੂੰ ਤਿੰਨ ਵਾਰ ਹੋਇਆ ਸੀ ਜਿਸਨੂੰ ਉਹਨਾਂ ਨੇ ਕੁਬੂਲ ਨਾ ਕੀਤਾ, ਪਰ ਇੰਜੀਲ ਦੀ ਅਜਿਹੀ ਵਿਆਖਿਆ ਸੁਨਣ ਨਾਲ ਸਾਡਾ ਸ਼ਰੀਰ ਕੰਬਦਾ ਹੈ ਕਿ ਮਸੀਹ ਅਤੇ ਫਿਰ ਸ਼ੈਤਾਨੀ ਇਲਹਾਮ । ਹਾਂ, ਜੇਕਰ ਇਸ ਵਾਰਤਾਲਾਪ ਨੂੰ ਸ਼ੈਤਾਨੀ ਇਲਹਾਮ ਨਾ ਮਨੀਏ ਅਤੇ ਇਹ ਵਿਚਾਰ ਕਰੀਏ ਕਿ ਵਾਸਤਵ ਵਿੱਚ ਸ਼ੈਤਾਨ ਨੇ ਸ਼ਰੀਰ ਧਾਰ ਕੇ ਹਜ਼ਰਤ ਈਸਾ ਅਲੈਹਿ ਸਲਾਮ ਨਾਲ ਭੇਂਟ ਕੀਤੀ ਸੀ ਤਾਂ ਇਹ ਇਤਰਾਜ਼ ਪੈਦਾ ਹੁੰਦਾ ਹੈ ਕਿ ਜੇਕਰ ਸ਼ੈਤਾਨ ਨੇ ਜੋ ਕਿ ਪੁਰਾਣਾ ਸੱਪ ਹੈ ਵਾਸਤਵ ਵਿੱਚ ਆਪਣੇ ਆਪ ਨੂੰ ਸ਼ਰੀਰ ਰੂਪ ਧਾਰ ਕੇ ਪ੍ਰਗਟ ਕੀਤਾ ਸੀ ਅਤੇ ਬਾਹਰੀ ਰੂਪ ਵਿੱਚ ਮਨੁੱਖ ਬਣ ਕੇ ਯਹੂਦੀਆਂ ਦੇ ਪਵਿੱਤਰ ਇਬਾਦਤ ਘਰ ਕੋਲ ਆਣ ਖਲੋਤਾ ਸੀ, ਜਿਸ ਦੇ ਆਲੇ ਦੁਆਲੇ ਸੈਂਕੜੇ ਲੋਕ ਰਹਿੰਦੇ ਸਨ । ਤਾਂ ਫਿਰ

ਜ਼ਰੂਰੀ ਸੀ ਕਿ ਉਸਦੇ ਦੇਖਣ ਲਈ ਹਜ਼ਾਰਾਂ ਲੋਕ ਇਕੱਠੇ ਹੋ ਜਾਂਦੇ ਸਗੋਂ ਚਾਹੀਦਾ ਸੀ ਕਿ ਹਜ਼ਰਤ ਮਸੀਹ ਅਲੈਹਿ ਸਲਾਮ ਆਵਾਜ਼ਾਂ ਮਾਰ ਕੇ ਯਹੂਦੀਆਂ ਨੂੰ ਸ਼ੈਤਾਨ ਦਿਖਾਉਂਦੇ ਜਿਸਦੇ ਵੁਜੂਦ ਦੇ ਕਈ ਫਿਰਕੇ ਇਨਕਾਰੀ ਸਨ । ਸ਼ੈਤਾਨ ਦਾ ਦਿਖਾਉਂਣਾ ਹਜ਼ਰਤ ਮਸੀਹ ਦਾ ਇਕ ਚਮਤਕਾਰ ਬਣ ਜਾਂਦਾ, ਜਿਸ ਰਾਹੀਂ ਅਨੇਕਾਂ ਲੋਕ ਸੁਮਾਰਗ ਪ੍ਰਾਪਤ ਕਰਦੇ ਅਤੇ ਰੂਮੀ ਰਾਜ ਦੇ ਮਾਣਯੋਗ ਉਹਦੇਦਾਰ ਸ਼ਤਾਨ ਨੂੰ ਦੇਖ ਕੇ ਅਤੇ ਫਿਰ ਉਸਨੂੰ ਉਡਾਰੀ ਮਾਰਦਿਆਂ ਦੇਖਕੇ ਹਜ਼ਰਤ ਮਸੀਹ ਅਲੈਹਿ ਸਲਾਮ ਦੇ ਪੈਰੋਕਾਰ ਬਣ ਜਾਂਦੇ, ਪਰ ਅਜਿਹਾ ਨਹੀਂ ਹੋਇਆ । ਇਸ ਨਾਲ ਵਿਸ਼ਵਾਸ ਹੁੰਦਾ ਹੈ ਕਿ ਇਹ ਕੋਈ ਰੂਹਾਨੀ ਕਲਾਮ ਨਹੀਂ ਸੀ, ਜਿਸਨੂੰ ਦੂਜੇ ਸ਼ਬਦਾਂ ਵਿੱਚ ਸ਼ੈਤਾਨੀ ਇਲਹਾਮ ਕਹਿ ਸਕਦੇ ਹਾਂ । ਪਰ ਮੇਰੇ ਖ਼ਿਆਲ ਵਿੱਚ ਇਹ ਵੀ ਆਉਂਦਾ ਹੈ ਕਿ ਯਹੂਦੀਆਂ ਦੀਆਂ ਕਿਤਾਬਾਂ ਵਿੱਚ ਅਨੇਕਾਂ ਸ਼ਰੀਰ (ਉਪਦ੍ਰਵੀ) ਲੋਕਾਂ ਦਾ ਨਾਂ ਵੀ ਸ਼ੈਤਾਨ ਰੱਖਿਆ ਗਿਆ ਹੈ । ਕਿਉਂਕਿ ਇਸ ਵਾਕ ਦੇ ਪੱਖੋਂ ਮਸੀਹ ਨੇ ਵੀ ਇਕ ਆਪਣੇ ਬਜ਼ੁਰਗ ਹਵਾਰੀ ਨੂੰ ਜਿਸਨੂੰ ਇੰਜੀਲ ਵਿੱਚ ਇਸ ਘਟਨਾ ਦੇ ਲਿੱਖਣ ਤੋਂ ਕੁਝ ਪੰਕਤੀਆਂ ਪਹਿਲਾਂ ਸਵਰਗ ਦੀਆਂ ਕੁੰਜੀਆਂ ਦਿੱਤੀਆਂ ਗਈਆਂ ਸਨ, ਸ਼ੈਤਾਨ ਕਿਹਾ ਹੈ । ਸੋ, ਇਹ ਗੱਲ ਵੀ ਕਲਪਨਾ ਯੋਗ ਹੈ ਕਿ ਕੋਈ ਯਹੂਦੀ ਸ਼ੈਤਾਨ ਠੱਠੇ ਹਾਸੇ ਦੇ ਰੂਪ ਵਿੱਚ ਹਜ਼ਰਤ ਮਸੀਹ ਅਲੈਹਿ ਸਲਾਮ ਕੋਲ ਆਇਆ ਹੋਵੇਗਾ ਅਤੇ ਆਪ ਨੇ ਜਿਵੇਂ ਕਿ ਪਿਤਰਸ ਦਾ ਨਾਂ ਸ਼ੈਤਾਨ ਰੱਖਿਆ ਉਸਨੂੰ ਵੀ ਸ਼ੈਤਾਨ ਕਹਿ ਦਿੱਤਾ ਹੋਵੇਗਾ । ਯਹੂਦੀਆਂ ਵਿੱਚ ਇਸ ਪ੍ਰਕਾਰ ਦੀਆਂ ਸ਼ਰਾਰਤਾਂ ਵੀ ਸਨ ਅਤੇ ਅਜਿਹੇ ਪ੍ਰਸ਼ਨ ਕਰਨਾ ਯਹੂਦੀਆਂ ਦਾ ਵਿਸ਼ੇਸ਼ ਗੁਣ ਹੈ । ਇਹ ਵੀ ਸ਼ੰਕਾ ਹੈ ਕਿ ਇਹ ਸਾਰੀ ਘਟਨਾ ਹੀ ਝੂਠ ਹੋਵੇ ਜੋ ਜਾਣ ਬੁਝਕੇ ਜਾਂ ਧੋਖੇ ਨਾਲ ਲਿੱਖ ਦਿੱਤੀ ਹੋਵੇ । ਕਿਉਂਕਿ ਇਹ ਇੰਜੀਲਾਂ ਹਜ਼ਰਤ ਮਸੀਹ ਦੀਆਂ ਇੰਜੀਲਾਂ ਨਹੀਂ ਹਨ ਅਤੇ ਨਾ ਹੀ ਉਹਨਾਂ ਦੀਆਂ ਪ੍ਰਮਾਣਿਕ ਹਨ । ਸਗੋਂ ਹਵਾਰੀਆਂ ਨੇ ਜਾਂ ਕਿਸੇ ਹੋਰ ਨੇ ਆਪਣੇ ਵਿਚਾਰ ਤੇ ਅਕਲ ਅਨੁਸਾਰ ਲਿੱਖਿਆ ਹੈ । ਇਸੇ ਕਰਕੇ ਇਹਨਾਂ ਵਿੱਚ ਆਪਸੀ ਮਤਿਭੇਦ ਵੀ ਹੈ । ਇਸ ਲਈ ਕਹਿ ਸਕਦੇ ਹਾਂ ਕਿ ਇਹਨਾਂ ਵਿਚਾਰਾਂ

ਵਿੱਚ ਲਿੱਖਣ ਵਾਲਿਆਂ ਨਾਲ ਗ਼ਲਤੀ ਹੋ ਗਈ । ਜਿਵੇਂ ਕਿ ਇਹ ਗ਼ਲਤੀ ਹੋਈ ਕਿ ਇੰਜੀਲ ਲਿੱਖਣ ਵਾਲਿਆਂ ਵਿੱਚੋਂ ਕੁਝ ਨੇ ਅਨੁਮਾਨ ਲਾਇਆ ਕਿ ਹਜ਼ਰਤ ਮਸੀਹ ਅਲੈਹਿ ਸਲਾਮ ਸਲੀਬ ਉਪੱਰ ਹੀ ਫ਼ੌਤ ਹੋ ਗਏ ਹਨ[2] । ਅਜਿਹੀ ਗ਼ਲਤੀਆਂ ਹਵਾਰੀਆਂ ਦੇ ਸੁਭਾਵ ਵਿੱਚ ਸਨ ਕਿਉਂਕਿ ਇੰਜੀਲ ਸਾਨੂੰ ਖ਼ਬਰ ਦਿੰਦੀ ਹੈ ਕਿ ਉਹਨਾਂ ਦੀ ਅਕਲ ਬਰੀਕ ਨਹੀਂ ਸੀ । ਉਹਨਾਂ ਦੇ ਮਾੜੇ ਹਾਲ ਆਪ ਅਜ਼ਰਤ ਮਸੀਹ ਦੀ ਗਵਾਹੀ ਦਿੰਦੇ ਹਨ ਕਿ ਉਹ ਸੂਝ ਬੂਝ, ਗਿਆਨ ਅਤੇ ਵਿਵਹਾਰਕ ਸ਼ਕਤੀ ਵਿੱਚ ਕਮਜ਼ੋਰ ਸਨ । ਫਿਰ ਵੀ ਇਹ ਸੱਚ ਹੈ ਕਿ ਪਾਕ ਲੋਕਾਂ ਦੇ ਦਿਲ ਵਿੱਚ ਸ਼ੈਤਾਨੀ ਵਿਚਾਰ ਟਿੱਕ ਨਹੀਂ ਸਕਦਾ ਅਤੇ ਜੇਕਰ ਕੋਈ ਉਡਦਾ ਹੋਇਆ ਸਰਸਰੀ ਜਿਹਾ ਖਿਆਲ ਉਹਨਾਂ ਦੇ ਦਿਲ ਵਿੱਚ ਆ ਵੀ ਜਾਵੇ ਤਾਂ ਉਹ ਸ਼ਤਾਨੀ ਵਿਚਾਰ ਛੇਤੀ ਹੀ ਦੂਰ ਤੇ ਉਡਾ ਦਿੱਤਾ ਜਾਂਦਾ ਹੈ ਅਤੇ ਉਹਨਾ ਦੇ ਪਾਕ ਦਾਮਨ ਉਪੱਰ ਕੋਈ ਦਾਗ਼ ਨਹੀਂ ਲਗਦਾ । ਕੁਰਆਨ ਸ਼ਰੀਫ਼ ਵਿੱਚ ਇਸ ਪ੍ਰਕਾਰ ਦੇ ਵਸਵਸੇ ਨੂੰ ਜੋ ਇਕ ਕੱਚ ਰੰਗਾ ਤੇ ਕਮਜ਼ੋਰ ਵਿਚਾਰ ਦੇ ਤੁੱਲ ਹੁੰਦਾ ਹੈ ਤਾਇਫ਼ (ਆਲੇ ਦੁਆਲੇ ਚਕੱਰ ਲਾਉਣ ਵਾਲਾ) ਦੇ ਨਾਂ ਨਾਲ ਨਾਮਿਤ ਕੀਤਾ ਜਾਂਦਾ ਹੈ ਅਤੇ ਅਰਬੀ ਕੋਸ਼ ਵਿੱਚ ਇਸ ਦਾ ਨਾਂ ਤਾਇਫ਼ (ਆਲੇ ਦੁਆਲੇ ਚਕੱਰ ਲਾਉਣ ਵਾਲਾ), ਤੌਫ਼ (ਰਾਤ ਨੂੰ ਪਹਿਰਾ ਦੇਣ ਵਾਲੇ ਚੌਕੀਦਾਰ), ਤਯੱਫ਼ (ਬਹੁਤ ਚਕੱਰ ਲਾਉਣੇ) ਅਤੇ ਤੈਫ਼ (ਸੁਪਨੇ ਵਿੱਚ ਆਉਣ ਵਾਲੇ ਖ਼ਿਆਲ, ਜਨੂਨ) ਵੀ ਹੈ । ਇਸ ਵਸਵਸੇ ਦਾ ਦਿਲ ਨਾਲ ਬਹੁਤ ਹੀ ਘੱਟ ਸੰਬੰਧ ਹੁੰਦਾ ਹੈ ਸੰਭਵਤਾ ਹੁੰਦਾ ਹੀ ਨਹੀਂ ਜਾਂ ਇਉਂ ਆਖੋ ਜਿਵੇਂ ਦੂਰੋਂ ਕਿਸੇ ਰੁੱਖ ਦੀ ਪਰਛਾਈਂ ਬਹੁਤ ਹੀ ਫਿੱਕੀ ਜਿਹੀ ਪੈਂਦੀ ਹੈ ਅਜਿਹਾ ਹੀ ਇਹ ਵਸਵਸਾ ਹੁੰਦਾ ਹੈ । ਸੰਭਵ

[2] ਈਸਾਈਆਂ ਦੀਆਂ ਬਹੁਤ ਸਾਰੀਆਂ ਇੰਜੀਲਾਂ ਵਿੱਚੋਂ ਇਕ ਇੰਜੀਲ ਹੁਣ ਤੱਕ ਉਹਨਾ ਕੋਲ ਉਹ ਵੀ ਹੈ ਜਿਸ ਵਿੱਚ ਲਿੱਖਿਆ ਹੈ ਕਿ ਹਜ਼ਰਤ ਮਸੀਹ ਮਸਲੂਬ ਨਹੀਂ ਹੋਏ (ਅਰਥਾਤ ਸਲੀਬ ਉਪੱਰ ਫ਼ੌਤ ਨਹੀਂ ਹੋਏ) । ਇਹ ਬਿਆਨ ਠੀਕ ਹੈ ਕਿਉਂਕਿ ਮਰਹਮੇ ਈਸਾ ਇਸਦੀ ਤਸਦੀਕ ਕਰਦੀ ਹੈ । ਜਿਸਦਾ ਸੈਂਕੜਿਆਂ ਵੈਦਾਂ ਨੇ ਵਰਨਣ ਕੀਤਾ ਹੈ । ਲੇਖਕ ।

ਹੈ ਕਿ ਲਾਨ੍ਹਤੀ ਸ਼ੈਤਾਨ ਨੇ ਹਜ਼ਰਤ ਮਸੀਹ ਅਲੈਹਿ ਸਲਾਮ ਦੇ ਮਨ ਵਿੱਚ ਅਜਿਹਾ ਹੀ ਫਿੱਕਾ ਜਿਹਾ ਵਸਵਸਾ ਪਾਉਣ ਦਾ ਨਿਸ਼ਚਾ ਕੀਤਾ ਹੋਵੇ ਅਤੇ ਉਹਨਾ ਨੇ ਨਬੁਵੱਤ ਦੀ ਸ਼ਕਤੀ ਨਾਲ ਉਸ ਵਸਵਸੇ (ਖ਼ਿਆਲ) ਨੂੰ ਦੂਰ ਕਰ ਦਿਤੱਾ ਹੋਵੇ । ਸਾਨੂੰ ਇਹ ਇਸ ਮਜਬੂਰੀ ਨਾਲ ਕਹਿਣਾ ਪਿਆ ਹੈ ਕਿ ਇਹ ਕਿੱਸਾ ਕੇਵਲ ਇੰਜੀਲਾਂ ਵਿੱਚ ਹੀ ਨਹੀਂ ਸਗੋਂ ਸਾਡੀਆਂ ਸਹੀ ਹਦੀਸਾਂ ਵਿੱਚ ਵੀ ਹੈ । ਕਿਉਂਕਿ ਲਿੱਖਿਆ ਹੈ :

عن محمدبن عمران الصيرفی قال) حدثنا الحسن بن عليل العنزی عن العباس.بن عبدالواحد.عن محمدبن عمر .عن محمدبن مناذر.عن سفيان بن عينيه عن عمرو .بن دينار .عن طاؤس عن عبی هريره قال جاء الشيطان الی عيسی.قا الست تزعم انك صادق قال بلی قال فاوف علی هذه الشاهقة فالق نفسك منها فقال ويلك الم يقل الله يا ابن آدم لا تبلنی بهلا كك فانی افعل ما اشاء.)[3]

ਅਰਥਾਤ ਮੁਹਮੱਦ ਬਿਨ ਇਮਰਾਨ ਸੇਰਫ਼ੀ ਤੋਂ ਰਿਵਾਇਤ ਹੈ ਕਿ ਉਹਨਾਂ ਨੇ ਹਸਨ ਬਿਨ ਅਲੀਲ ਅਨਜ਼ੀ ਤੋਂ ਰਿਵਾਇਤ ਕੀਤੀ ਤੇ ਹਸਨ ਨੇ ਅਬੱਾਸ ਤੋਂ, ਅਬੱਾਸ ਨੇ ਮੁਹਮੱਦ ਬਿਨ ਉਮਰ ਤੋਂ, ਮੁਹਮੱਦ ਬਿਨ ਉਮਰ ਨੇ ਮੁਹਮੱਦ ਬਿਨ ਮਨਾਜ਼ਰ ਤੋਂ, ਮੁਹਮੱਦ ਬਿਨ ਮਨਾਜ਼ਰ ਨੇ ਸਫ਼ਯਾਨ ਬਿਨ ਈਨਹ ਤੋਂ, ਸਫ਼ਯਾਨ ਨੇ ਉਮਰ ਬਿਨ ਦੀਨਾਰ ਤੋਂ, ਉਮਰ ਬਿਨ ਦੀਨਾਰ ਨੇ ਤਾਉਸ ਤੋਂ ਅਤੇ ਤਾਉਸ ਨੇ ਅਬੀ ਹੁਰੈਰਾ ਤੋਂ, ਕਿਹਾ ਸ਼ੈਤਾਨ ਈਸਾ ਕੋਲ ਆਇਆ ਅਤੇ ਕਿਹਾ ਕਿ ਕੀ ਤੂੰ ਮਾਣ ਨਹੀਂ ਕਰਦਾ ਕਿ ਤੂੰ ਸੱਚਾ ਹੈਂ, ਉਸਨੇ ਕਿਹਾ ਕਿਉਂ ਨਹੀਂ, ਸ਼ੈਤਾਨ ਨੇ ਕਿਹਾ ਜੇਕਰ ਇਹ ਸੱਚ ਹੈ ਤਾਂ ਤੂੰ ਇਸ ਪਹਾੜ ਉਪੱਰ ਚੜ੍ਹ ਜਾ ਅਤੇ ਫਿਰ ਉਸ ਉਪੱਰੋਂ ਆਪਣੇ ਆਪ ਨੂੰ ਹੇਠਾਂ ਡਿਗਾਦੇ ਹਜ਼ਰਤ ਈਸਾ ਨੇ ਕਿਹਾ ਕਿ ਤੇਰੇ'ਤੇ ਹਾਹਾਕਾਰ ਹੋਵੇ । ਕੀ ਤੂੰ ਨਹੀਂ ਜਾਣਦਾ ਕਿ ਖ਼ੁਦਾ ਨੇ ਫ਼ਰਮਾਇਆ ਹੈ ਕਿ ਆਪਣੀ ਮੌਤ

---

[3] الاغانی،لابی الفرج الاصفهانی،اخبار ابن مناذر و نسبه،جز ۱۸ صفحه۲۰۷۔مطبوعه دار احياء التراث العربی۔بيروت(ناشر

ਨਾਲ ਮੇਰੀ ਪ੍ਰੀਖਿਆ ਨਾ ਕਰ ਕਿਉਂਕਿ ਮੈਂ ਜੋ ਚਾਹੁੰਦਾ ਹਾਂ ਕਰਦਾ ਹਾਂ । ਹੁਣ ਸਪਸ਼ਟ ਹੈ ਕਿ ਸ਼ੈਤਾਨ ਅਜਿਹੇ ਰੂਪ ਵਿੱਚ ਆਇਆ ਹੋਵੇਗਾ ਜਿਵੇਂ ਕਿ ਜਿਬਰਾਈਲ (ਫ਼ਰਿਸ਼ਤਾ) ਪੈਗੰਬਰਾਂ ਕੋਲ ਆਉਂਦਾ ਹੈ । ਕਿਉਂਕਿ ਜਿਬਰਾਈਲ ਅਜਿਹਾ ਨਹੀਂ ਆਉਂਦਾ ਜਿਵੇਂ ਕਿ ਮਨੁੱਖ ਕਿਸੇ ਗੱਡੀ ਵਿੱਚ ਬਹਿ ਕੇ ਜਾਂ ਕਿਸੇ ਕਿਰਾਏ ਦੇ ਘੋੜੇ ਉਪੱਰ ਸਵਾਰ ਹੋਕੇ, ਪਗੜੀ ਬਨ੍ਹਕੇ ਅਤੇ ਚਦੱਰ ਓੜ੍ਹਕੇ ਆਉਂਦਾ ਹੈ ਸਗੋਂ ਉਸਦਾ ਆਉਣਾ ਪਰਲੋਕ ਦੇ ਰੂਪ ਵਿੱਚ ਹੁੰਦਾ ਹੈ । ਫਿਰ ਸ਼ੈਤਾਨ ਜੋ ਹੀਣਾ ਤੇ ਜ਼ਲੀਲ ਹੈ ਕਿਵੇਂ ਮਨੁੱਖੀ ਰੂਪ ਵਿੱਚ ਖੁੱਲੇ ਤੌਰ'ਤੇ ਆ ਸਕਦਾ ਹੈ । ਬਹਿਰਹਾਲ ਇਸ ਖੋਜ ਕਰਕੇ ਉਸ ਗੱਲ ਨੂੰ ਮਨ੍ਹਣਾ ਪੈਂਦਾ ਹੈ ਜੋ 'ਡਰੈਪਰ' ਨੇ ਵਰਨਣ ਕੀਤੀ ਹੈ ਪਰ ਇਹ ਕਹਿ ਸਕਦੇ ਹਾਂ ਕਿ ਹਜ਼ਰਤ ਈਸਾ ਅਲੈਹਿ ਸਲਾਮ ਨੇ ਨਬੁਵੱਤ ਦੀ ਸ਼ਕਤੀ ਤੇ ਹਕੀਕੀ ਨੂਰ ਨਾਲ ਸ਼ੈਤਾਨੀ ਅਲਕਾ (ਮਨ ਵਿੱਚ ਉਤਰਣ ਵਾਲੀ ਗੱਲ) ਨੂੰ ਉਕੱਾ ਹੀ ਨੇੜੇ ਕਹੀਂ ਆਉਣ ਦਿੱਤਾ ਅਤੇ ਉਸਨੂੰ ਦੂਰ ਭਜਾਉਣ ਵਿੱਚ ਝੱਟ ਲੱਗ ਗਏ । ਚਾਨ੍ਹਣੇ ਦੇ ਟਾਕਰੇ ਤੇ ਹਨ੍ਹੇਰਾ ਟਿੱਕ ਨਹੀਂ ਸਕਦਾ ਇਸੇ ਪ੍ਰਕਾਰ ਸ਼ੈਤਾਨ ਉਹਨਾਂ ਦੇ ਟਾਕਰੇ'ਤੇ ਨਹੀਂ ਠਹਿਰ ਸਕਿਆ ਤੇ ਭੱਜ ਗਿਆ । ਇਹੋ,

'ਇੱਨਾ ਇਬਾਦੀ ਲੈਸਾ ਲਕਾ ਅਲੈਹਿਮ ਸੁਲਤਾਨੁ'

إِنَّ عِبَادِي لَيْسَ لَكَ عَلَيْهِمْ سُلْطَانٌ (الإسراء66)

ਦੇ ਠੀਕ ਅਰਥ ਹਨ । ਕਿਉਂਕਿ ਸ਼ੈਤਾਨ ਦੀ ਬਾਦਸ਼ਾਹੀ ਅਰਥਾਤ ਕਬਜ਼ਾ ਹਕੀਕਤ ਵਿੱਚ ਉਹਨਾ ਉਪੱਰ ਹੈ ਜੋ ਸ਼ੈਤਾਨੀ ਵਸਵਸੇ ਤੇ ਇਲਹਾਮ ਨੂੰ ਕੁਬੂਲ ਕਰ ਲੈਂਦੇ ਹਨ । ਪਰ ਜੋ ਲੋਕ ਦੂਰੋਂ ਹੀ ਨੂਰ ਦੇ ਤੀਰਾਂ ਨਾਲ ਸ਼ੈਤਾਨ ਨੂੰ ਜ਼ਖ਼ਮੀ ਕਰਦੇ ਹਨ ਅਤੇ ਉਸਦੇ ਮੂੰਹ'ਤੇ ਤਾੜਨਾ ਤੇ ਫਟਕਾਰ ਦੀ ਜੁੱਤੀ ਮਾਰਦੇ ਹਨ ਅਤੇ ਆਪਣੇ ਮੂੰਹ ਨਾਲ ਉਹ ਕੁਝ ਵੀ ਬਕੀ ਜਾਏ ਉਸਦੀ ਗੱਲ ਨਹੀਂ ਮਨ੍ਹਦੇ । ਉਹ ਸ਼ੈਤਾਨੀ ਬਾਦਸ਼ਾਹੀ ਤੋਂ ਬਚੇ ਹੋਏ ਹਨ । ਕਿਉਂਕਿ ਰੱਬ ਉਹਨਾ ਨੂੰ ਆਕਾਸ਼ਾਂ ਤੇ ਧਰਤੀ ਦੇ ਫ਼ਰਿਸ਼ਤੇ ਦਿਖਾਉਣਾ ਚਾਹੁੰਦਾ ਹੈ ਅਤੇ ਸ਼ੈਤਾਨ ਧਰਤੀ ਵਿੱਚ ਰਹਿਣ

ਵਾਲਿਆਂ ਵਿੱਚੋਂ ਹੈ । ਇਸ ਲਈ ਜ਼ਰੂਰੀ ਹੈ ਕਿ ਉਹ ਮਖ਼ਲੂਕ ਦੇ ਦਰਸ਼ਨਾਂ ਦਾ ਚਕੱਰ ਪੂਰਾ ਕਰਨ ਲਈ ਇਸ ਅਦਭੁਤ ਖ਼ਲਕਤ ਦਾ ਚਿਹਰਾ ਦੇਖ ਲੈਣ ਅਤੇ ਕਲਾਮ ਸੁਣ ਲੈਣ ਜਿਸਦਾ ਨਾਂ ਸ਼ੈਤਾਨ ਹੈ । ਇਸ ਨਾਲ ਉਹਨਾ ਦੇ ਪਵਤਿੱਰ ਅਤੇ ਮਾਣ ਮਰਿਆਦਾ ਉਪੱਰ ਕੋਈ ਦਾਗ਼ ਨਹੀਂ ਲਗਦਾ । ਹਜ਼ਰਤ ਮਸੀਹ ਨਾਲ ਸ਼ੈਤਾਨ ਨੇ ਆਪਨੇ ਪੁਰਾਣੇ ਢੰਗ ਨਾਲ ਵਸਵਸਾ ਪਾਉਣ ਦੇ ਤਰੀਕੇ'ਤੇ ਸ਼ਰਾਰਤ ਨਾਲ ਇਕ ਬੇਨਤੀ ਕੀਤੀ ਸੀ, ਪਰ ਉਹਨਾ ਦੇ ਪਵਿਤੱਰ ਸੁਭਾਵ ਨੇ ਝੱਟ ਉਸ ਨੂੰ ਰੱਦ ਕਰ ਦਿੱਤਾ ਅਤੇ ਕੁਬੂਲ ਨਾ ਕੀਤਾ । ਇਸ ਵਿੱਚ ਉਹਨਾ ਦੀ ਸ਼ਾਨ ਵਿੱਚ ਭਿੰਨਤਾ ਨਹੀਂ । ਕੀ ਬਾਦਸ਼ਾਹਾਂ ਦੀ ਹਜ਼ੂਰੀ ਵਿੱਚ ਬਦਮਾਸ਼ ਗੱਲਾਂ ਨਹੀਂ ਕਰਦੇ । ਸੋ ਅਜਿਹਾ ਹੀ ਆਤਮਕ ਰੂਪ ਵਿੱਚ ਸ਼ੈਤਾਨ ਨੇ ਯਿਸੂ ਮਸੀਹ ਦੇ ਦਿਲ ਵਿੱਚ ਆਪਣਾ ਕਲਾਮ ਪਾਇਆ, ਪਰ ਯਿਸੂ ਮਸੀਹ ਨੇ ਉਸ ਸ਼ੈਤਾਨੀ ਇਲਹਾਮ ਨੂੰ ਕੁਬੂਲ ਨਾ ਕੀਤਾ ਸਗੋਂ ਰੱਦ ਕੀਤਾ । ਇਸ ਲਈ ਇਹ ਤਾਂ ਵੱਡਿਆਈ ਦੀ ਗੱਲ ਹੋਈ । ਇਸ ਨਾਲ ਕੋਈ ਨੁਕਤਾ ਚੀਨੀ ਕਰਨਾ ਜਾਂ ਖੰਡਨ ਕਰਨਾ ਮੂਰਖਤਾ ਅਤੇ ਆਤਮਕ ਫ਼ਿਲਾਸਫ਼ੀ ਤੋਂ ਬੇਖ਼ਬਰੀ ਹੈ, ਪਰ ਜਿਵੇਂ ਕਿ ਯਿਸੂ ਮਸੀਹ ਨੇ ਆਪਣੇ ਨੂਰ ਦੇ ਚਾਬਕਾਂ (ਕੋੜਿਆਂ) ਨਾਲ ਸ਼ੈਤਾਨੀ ਵਿਚਾਰ ਨੂੰ ਦੂਰ ਕੀਤਾ ਅਤੇ ਉਸ ਇਲਹਾਮ ਦੀ ਮਲੀਨਤਾ ਉਸੇ ਸਮੇਂ ਪ੍ਰਗਟ ਕਰ ਦਿੱਤੀ । ਹਰ ਇਕ ਵੈਰਾਗੀ ਤੇ ਸੂਫ਼ੀ ਦਾ ਇਹ ਕੰਮ ਨਹੀਂ । ਸਯੱਦ ਅਬਦੁਲ ਕਾਦਿਰ ਜਿਲਾਨੀ ਰਜ਼ੀ ਅਲੱਾਹ ਅਨਹੁ ਫਰਮਾਉਂਦੇ ਹਨ ਕਿ ਇਕ ਵਾਰ ਸ਼ੈਤਾਨੀ ਇਲਹਾਮ ਮੈਂਨੂੰ ਵੀ ਹੋਇਆ ਸੀ । ਸ਼ੈਤਾਨ ਨੇ ਕਿਹਾ ਕਿ ਹੇ ! ਅਬਦੁਲ ਕਾਦਿਰ ਤੇਰੀ ਬੰਦਗੀ ਕੁਬੂਲ ਹੋਈ, ਹੁਣ ਜੋ ਕੁਝ ਦੂਜਿਆਂ'ਤੇ ਹਰਾਮ ਹੈ ਤੇਰੇ ਲਈ ਹਲਾਲ ਅਤੇ ਨਮਾਜ਼ ਤੋਂ ਵੀ ਹੁਣ ਤੇਰੇ ਲਈ ਛੂਟ ਹੈ ਜੋ ਚਾਹੇ ਕਰ । ਉਸ ਸਮੇਂ ਮੈਂ ਕਿਹਾ, ਹੇ ! ਸ਼ੈਤਾਨ ਪਰ੍ਹੇ ਹੱਟ ਉਹ ਗਲੱਾਂ ਮੇਰੇ ਲਈ ਕਦੋਂ ਠੀਕ ਹੋ ਸਕਦੀਆਂ ਹਨ ਜੋ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਲਈ ਉਚਿਤ ਨਹੀਂ ਹੋਈਆਂ । ਉਸ ਸਮੇਂ ਸ਼ੈਤਾਨ ਆਪਣੇ ਸੁਨਹਿਰੀ ਤਖ਼ਤ ਸਣੇ ਮੇਰੀਆਂ ਅਖੱਾਂ ਅੱਗੋਂ ਅਲੋਪ ਹੋ

ਗਿਆ । ਹੁਣ ਜੱਦਕਿ ਸਯੱਦ ਅਬਦੁਲ ਕਾਦਿਰ ਜਿਹੇ ਰੱਬ ਦੇ ਮਿਤੱਰ ਤੇ ਬੰਦੇ ਨੂੰ ਸ਼ੈਤਾਨੀ ਇਲਹਾਮ ਹੋਇਆ ਤਾਂ ਹੋਰਨਾ ਆਮ ਲੋਕਾਂ ਨੂੰ ਜਿੰਨ੍ਹਾਂ ਨੇ ਅਪਣਾ ਅਮਲ ਵੀ ਹੁਣੇ ਪੂਰਾ ਨਹੀਂ ਕੀਤਾ ਉਹ ਕਿਵੇਂ ਇਸ ਤੋਂ ਬੱਚ ਸਕਦੇ ਹਨ । ਉਹਨਾਂ ਨੂੰ ਉਹ ਨੂਰਾਨੀ ਅੱਖਾਂ ਕਿੱਥੇ ਪ੍ਰਾਪਤ ਹਨ ਤਾਂ ਜੋ ਸਯੱਦ ਅਬਦੁਲ ਕਾਦਿਰ ਅਤੇ ਹਜ਼ਰਤ ਮਸੀਹ ਅਲੈਹਿ ਸਲਾਮ ਵਾਂਗ ਸ਼ੈਤਾਨੀ ਇਲਹਾਮ ਨੂੰ ਸ਼ਨਾਖ਼ਤ ਕਰ ਲੈਣ । ਚੇਤੇ ਰਹੇ ਕਿ ਉਹ ਕਾਹਨ ਜੋ ਅਰਬ ਵਿਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰਗਟ ਹੋਣ ਤੋਂ ਪਹਿਲਾਂ ਬਹੁਤ ਸਨ, ਉਹਨਾਂ ਲੋਕਾਂ ਨੂੰ ਅਧਿਕਤਰ ਸ਼ੈਤਾਨੀ ਇਲਹਾਮ ਹੋਇਆ ਕਰਦੇ ਸਨ । ਕਈ ਵਾਰ ਉਹ ਭਵਿੱਖਬਾਣੀਆਂ ਵੀ ਇਲਹਾਮ ਰਾਹੀਂ ਕੀਤਾ ਕਰਦੇ ਸਨ । ਹੈਰਾਨੀ ਇਹ ਕਿ ਉਹਨਾਂ ਦੀਆਂ ਕੁਝ ਭਵਿਖਬਾਣੀਆਂ ਸੱਚੀਆਂ ਵੀ ਹੋਇਆ ਕਰਦੀਆਂ ਸਨ । ਇਸਲਾਮੀ ਕਿਤਾਬਾਂ ਇਹਨਾਂ ਕਿੱਸਿਆਂ ਨਾਲ ਭਰੀਆਂ ਪਈਆਂ ਹਨ । ਇਸ ਲਈ ਜੋ ਮਨੁੱਖ ਸ਼ੈਤਾਨੀ ਇਲਹਾਮਾਂ ਦਾ ਇਨਕਾਰੀ ਹੈ ਉਹ ਨਬੀਆਂ ਦੀਆਂ ਸਾਰੀਆਂ ਸਿੱਖਿਆਂਵਾਂ ਦਾ ਇਨਕਾਰੀ ਹੈ ਅਤੇ ਨਬੁਵੱਤ ਦੇ ਸਾਰੇ ਸਿਲਸਿਲੇ ਦਾ ਇਨਕਾਰੀ ਹੈ । ਬਾਈਬਲ ਵਿੱਚ ਲਿੱਖਿਆ ਹੈ ਕਿ ਇਕ ਵਾਰ ਚਾਰ ਸੌ ਨਬੀਆਂ ਨੂੰ ਸ਼ੈਤਾਨੀ ਇਲਹਾਮ ਹੋਇਆ ਸੀ ਅਤੇ ਉਹਨਾਂ ਨੇ ਇਲਹਾਮ ਰਾਹੀਂ ਜੋ ਇਕ ਸੁਫ਼ੈਦ ਜਿੰਨ ਦਾ ਕਰਤਬ ਸੀ ਇਕ ਬਾਦਸ਼ਾਹ ਦੀ ਜਿੱਤ ਦੀ ਪੇਸ਼ਗੋਈ (ਭਵਿੱਖਬਾਣੀ) ਕੀਤੀ । ਅੰਤ ਨੂੰ ਉਹ ਬਾਦਸ਼ਾਹ ਅਤਿਅੰਤ ਨਿਰਾਦਰੀ ਤੇ ਜ਼ਿਲੱਤ ਨਾਲ ਉਸੇ ਲੜਾਈ ਵਿੱਚ ਮਾਰਿਆ ਗਿਆ ਅਤੇ ਭੈੜੀ ਹਾਰ ਹੋਈ । ਇਕ ਪੈਗ਼ੰਬਰ ਜਿਸਨੂੰ ਹਜ਼ਰਤ ਜਿਬਰਾਈਲ ਰਾਹੀਂ ਇਲਹਾਮ ਮਿਲਿਆ ਸੀ ਉਸਨੇ ਇਹੋ ਖ਼ਬਰ ਦਿੱਤੀ ਸੀ ਕਿ ਬਾਦਸ਼ਾਹ ਮਾਰਿਆ ਜਾਵੇਗਾ ਅਤੇ ਕੁੱਤੇ ਇਸਦਾ ਮਾਸ ਖਾਣਗੇ ਅਤੇ ਭੈੜੀ ਹਾਰ ਹੋਵੇਗੀ । ਸੋ, ਇਹ ਖ਼ਬਰ ਸੱਚੀ ਨਿਕਲੀ । ਪਰ ਉਸ ਚਾਰ ਸੌ ਨਬੀ ਦੀ ਭਵਿੱਖਬਾਣੀ ਝੂਠੀ ਸਿੱਧ ਹੋਈ ।

ਇਸ ਥਾਂ ਸੁਭਾਵਕ ਹੀ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੱਦਕਿ ਐਨ੍ਹੀ ਅਧਿਕਤਾ ਨਾਲ ਸ਼ੈਤਾਨੀ ਇਲਹਾਮ ਵੀ ਹੁੰਦੇ ਹਨ ਤਾਂ ਫਿਰ ਇਲਹਾਮ ਤੋਂ

ਈਮਾਨ ਉਠਦਾ ਹੈ ਅਤੇ ਕੋਈ ਇਲਹਾਮ ਭਰੋਸੇ ਯੋਗ ਨਹੀਂ ਰਹਿੰਦਾ ਕਿਉਂਕਿ ਸ਼ੰਕਾ ਹੈ ਕਿ ਸ਼ੈਤਾਨੀ ਹੋਵੇ ਵਿਸ਼ੇਸ਼ ਕਰਕੇ ਜੱਦਕਿ ਮਸੀਹ ਜਿਹੇ ਮਹਾਨ ਨਬੀ ਨੂੰ ਵੀ ਇਸੇ ਘਟਨਾ ਦਾ ਸਾਹਮਣਾ ਕਰਨਾ ਪਿਆ । ਇਸ ਪ੍ਰਕਾਰ ਤਾਂ ਮੁਲਹਿਮਾਂ ਦਾ ਲੱਕ ਹੀ ਟੁੱਟ ਜਾਂਦਾ ਹੈ ਇਲਹਾਮ ਕੀ ਇਕ ਬਲਾ ਬਣ ਜਾਂਦੀ ਹੈ । ਇਸ ਪ੍ਰਸ਼ਨ ਦਾ ਉਤੱਰ ਇਹ ਹੈ ਕਿ ਬੇਦਿਲ ਹੋਣ ਦੀ ਕੋਈ ਗੱਲ ਨਹੀਂ ਦੁਨੀਆ ਵਿੱਚ ਖ਼ੁਦਾ ਤਆਲਾ ਦੀ ਕੁਦਰਤ ਦਾ ਕਨੂਨ ਅਜਿਹਾ ਹੀ ਹੈ ਕਿ ਹਰ ਇਕ ਚੰਗੇ ਜੌਹਰ ਨਾਲ ਖੋਟੀਆਂ ਚੀਜ਼ਾ ਵੀ ਨਾਲ ਹੀ ਲੱਗੀਆਂ ਹੋਈਆਂ ਹਨ । ਦੇਖੋ ਇਕ ਤਾਂ ਉਹ ਮੋਤੀ ਹਨ ਜੋ ਦਰਿਆ ਵਿੱਚੋਂ ਕੱਢੇ ਜਾਂਦੇ ਹਨ ਅਤੇ ਦੂਜੇ ਉਹ ਸਸਤੇ ਮੋਤੀ ਹਨ ਜੋ ਲੋਕ ਆਪ ਬਣਾ ਕੇ ਵੇਚਦੇ ਹਨ । ਹੁਣ ਇਸ ਵਿਚਾਰ ਨਾਲ ਕਿ ਦੁਨੀਆ ਵਿੱਚ ਝੂਠੇ ਮੋਤੀ ਵੀ ਹਨ ਸੁੱਚੇ ਮੋਤੀਆਂ ਦੀ ਖਰੀਦ ਵੇਚ ਬੰਦ ਨਹੀ ਹੋ ਸਕਦੀ ਕਿਉਂਕਿ ਉਹ ਜੌਹਰੀ ਜਿੰਨ੍ਹਾਂ ਨੂੰ ਰੱਬ ਨੇ ਪਰਖ ਬਖਸ਼ੀ ਹੈ ਇਕ ਹੀ ਨਜ਼ਰ ਵਿੱਚ ਪਛਾਣ ਜਾਂਦੇ ਹਨ ਕਿ ਇਹ ਸੁੱਚਾ ਮੋਤੀ ਹੈ ਅਤੇ ਇਹ ਝੂਠਾ ਮੋਤੀ ਹੈ । ਇਸ ਲਈ ਇਲਹਾਮੀ ਜਵਾਹਰਾਂ ਦਾ ਜੌਹਰੀ ਸਮੇਂ ਦਾ ਇਮਾਮ ਹੁੰਦਾ ਹੈ । ਉਸਦੀ ਸੰਗਤ ਵਿੱਚ ਰਹਿ ਕੇ ਮਨੁੱਖ ਛੇਤੀ ਹੀ ਅਸਲ ਤੇ ਨਕਲ ਵਿੱਚ ਅੰਤਰ ਕਰ ਸਕਦਾ ਹੈ । ਹੇ ! ਸੂਫ਼ੀਓ (ਵੈਰਾਗੀਓ) !! ਅਤੇ ਇਸ ਲੋਭ ਦੇ ਗ੍ਰਿਫ਼ਤਾਰੋ ਰਤਾ ਹੋਸ਼ ਸੰਭਾਲ ਕੇ ਇਸ ਮਾਰਗ ਵਿੱਚ ਪੈਰ੍ਹ ਰੱਖੋ ਅਤੇ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਸੱਚਾ ਇਲਹਾਮ ਜੋ ਖ਼ਾਲਸ ਰੱਬ ਵੱਲੋਂ ਹੁੰਦਾ ਹੈ ਹੇਠ ਲਿੱਖੀਆਂ ਅਲਾਮਤਾਂ ਆਪਣੇ ਨਾਲ ਰੱਖਦਾ ਹੈ :

(1) ਇਸ ਹਾਲਤ ਵਿੱਚ ਹੁੰਦਾ ਹੈ ਕਿ ਜੱਦ ਕਿ ਮਨੁੱਖ ਦਾ ਮਨ ਪੀੜਾ ਦੀ ਅੱਗ ਨਾਲ ਪੰਘਰਕੇ ਸਾਫ਼ ਪਾਣੀ ਵਾਂਗ ਰੱਬ ਵੱਲ ਵੱਗਦਾ ਹੈ । ਉਸੇ ਵੱਲ ਹਦੀਸ ਦਾ ਸੰਕੇਤ ਹੈ ਕਿ ਕੁਰਆਨ ਗ਼ਮ (ਸ਼ੋਕ) ਦੀ ਹਾਲਤ ਵਿੱਚ ਨਾਜ਼ਲ ਹੋਇਆ । ਇਸ ਲਈ ਤੁਸੀਂ ਵੀ ਉਸਨੂੰ ਗ਼ਮਗ਼ੀਨ ਦਿਲ ਨਾਲ ਪੜ੍ਹੋ ।

(2) ਸੱਚਾ ਇਲਹਾਮ ਆਪਣੇ ਨਾਲ ਇਕ ਆਨੰਦ ਤੇ ਸਰੂਰ ਦੀ ਵਿਸ਼ੇਸ਼ਤਾ ਲਿਆਉਂਦਾ ਹੈ ਅਤੇ ਅਗਿਆਤ ਕਾਰਣਾ ਰਾਹੀਂ ਯਕੀਨ ਬਖ਼ਸ਼ਦਾ ਹੈ ਅਤੇ ਇਕ

ਲੋਹੇ ਦੀ ਕਿੱਲ ਵਾਗ ਦਿਲ ਵਿੱਚ ਗੱਢਿਆ ਜਾਂਦਾ ਹੈ । ਉਸਦੀ ਭਾਸ਼ਾ ਸਪਸ਼ਟ ਅਤੇ ਗ਼ਲਤੀਆਂ ਤੋਂ ਪਾਕ ਹੁੰਦੀ ਹੈ ।

(3) ਸੱਚੇ ਇਲਹਾਮ ਵਿੱਚ ਇਕ ਸ਼ਾਨ ਤੇ ਬੁਲੰਦ ਮਰਤਬਾ ਹੁੰਦਾ ਹੈ । ਦਿਲ ਨੂੰ ਇਕ ਠੋਸ ਠੋਕਰ ਲਗਦੀ ਹੈ ਅਤੇ ਬਲਸ਼ਾਲੀ ਤੇ ਰੁਹਬਨਾਕ ਸਵਰ ਨਾਲ ਦਿਲ ਉਪੱਰ ਉਤਰਦਾ ਹੈ । ਪਰ ਝੂਠੇ ਇਲਹਾਮ ਵਿੱਚ ਚੋਰਾਂ, ਨਪੁੰਸਕਾਂ ਅਤੇ ਇਸਤਰੀਆਂ ਵਰਗੀ ਧੀਮੀ ਆਵਾਜ਼ ਹੁੰਦੀ ਹੈ ਕਿਉਂਕਿ ਸ਼ੈਤਾਨ ਚੋਰ, ਨਪੁੰਸਕ ਤੇ ਇਸਤਰੀ ਹੈ ।

(4) ਸੱਚਾ ਇਲਹਾਮ ਰੱਬ ਦੀਆਂ ਸ਼ਕਤੀਆਂ ਦਾ ਪ੍ਰਭਾਵ ਆਪਣੇ ਅੰਦਰ ਰੱਖਦਾ ਹੈ ਅਤੇ ਜ਼ਰੂਰੀ ਹੈ ਕਿ ਉਸ ਵਿੱਚ ਪੇਸ਼ਗੋਈਆਂ (ਭਵਿੱਖਬਾਣੀਆਂ) ਵੀ ਹੋਣ ਅਤੇ ਉਹ ਪੂਰੀਆਂ ਵੀ ਹੋ ਜਾਣ ।

(5) ਸੱਚਾ ਇਲਹਾਮ ਮਨੁੱਖ ਨੂੰ ਪ੍ਰਤੀਦਿਨ ਨੇਕ ਬਣਉਂਦਾ ਜਾਂਦਾ ਹੈ ਅਤੇ ਅੰਦਰੂਨੀ ਮਲੀਨਤਾ ਤੇ ਗੰਦ ਨੂੰ ਪਾਕ ਕਰਦਾ ਹੈ ਅਤੇ ਆਚਰਣਕ ਹਾਲਤਾ ਨੂੰ ਤਰੱਕੀ ਦਿੰਦਾ ਹੈ ।

(6) ਸੱਚੇ ਇਲਹਾਮ 'ਤੇ ਮਨੁੱਖ ਦੀਆਂ ਸਾਰੀਆਂ ਅੰਦਰੂਨੀ ਸ਼ਕਤੀਆਂ ਗਵਾਹ ਬਣ ਜਾਂਦੀਆਂ ਹਨ । ਹਰ ਇਕ ਸ਼ਕਤੀ ਉਪੱਰ ਇਕ ਨਵੀਂ ਤੇ ਪਾਕ ਰੋਸ਼ਨੀ ਪੈਂਦੀ ਹੈ ਮਨੁੱਖ ਆਪਣੇ ਅੰਦਰ ਇਕ ਤਬਦੀਲੀ ਵੇਖਦਾ ਹੈ ਅਤੇ ਉਸਦਾ ਪਹਿਲਾ ਜੀਵਨ ਮਰ ਜਾਂਦਾ ਹੈ ਅਤੇ ਇਕ ਨਵਾਂ ਜੀਵਨ ਅਰੰਭ ਹੁੰਦਾ ਹੈ । ਉਹ ਮਾਨਵਤਾ ਲਈ ਇਕ ਆਮ ਹਮਦਰਦੀ ਦਾ ਸਾਧਨ ਹੁੰਦਾ ਹੈ ।

(7) ਸੱਚਾ ਇਲਹਾਮ ਇਕ ਹੀ ਆਵਾਜ਼ ਉਪੱਰ ਖ਼ਤਮ ਨਹੀਂ ਹੁੰਦਾ ਕਿਉਂਕਿ ਰੱਬ ਦੀ ਆਵਾਜ਼ ਇਕ ਸਿਲਸਿਲੇ ਵਾਂਗ ਹੈ ਉਹ ਅਤਿਅੰਤ ਹਲੀਮ ਹੈ ਜਿਸ ਵੱਲ ਧਿਆਨ ਕਰਦਾ ਹੈ ਉਸ ਨਾਲ ਕਲਾਮ ਕਰਦਾ ਹੈ ਅਤੇ ਪ੍ਰਸ਼ਨਾ ਦਾ ਉਤੱਰ ਦਿੰਦਾ ਹੈ । ਇਕ ਹੀ ਥਾਂ ਤੇ ਇਕ ਹੀ ਸਮੇਂ ਵਿੱਚ ਮਨੁੱਖ ਆਪਣੀਆਂ ਬੇਨਤੀਆਂ ਦੇ ਪ੍ਰਾਪਤ ਕਰ ਸਕਦਾ ਹੈ । ਬੇਸ਼ਕ ਉਸ ਕਲਾਮ ਵਿੱਚ ਕਦੇ ਵਕਫ਼ੇ ਦਾ ਸਮਾਂ ਵੀ ਆ ਜਾਂਦਾ ਹੈ ।

(8) ਸੱਚੇ ਇਲਹਾਮ ਦਾ ਮਨੁੱਖ ਕਦੇ ਵੀ ਡਰਾਕਲ ਨਹੀਂ ਹੁੰਦਾ ਅਤੇ ਕਿਸੇ ਵੀ ਇਲਹਾਮ ਦੇ ਦਾਵੇਦਾਰ ਦੇ ਟਾਕਰੇ'ਤੇ ਬੇਸ਼ਕ ਕਿਹੋ ਜਿਹਾ ਵੀ ਵਿਰੋਧੀ ਕਿਉਂ ਨਾ ਹੋਵੇ ਡਰਦਾ ਨਹੀਂ । ਜਾਣਦਾ ਹੈ ਕਿ ਮੇਰੇ ਨਾਲ ਰੱਬ ਹੈ ਅਤੇ ਉਹ ਉਸਨੂੰ ਨਿਰਾਦਰੀ ਨਾਲ ਹਰਾ ਦੇਵੇਗਾ ।

(9) ਸੱਚਾ ਇਲਹਾਮ ਅਧਿਕਤਰ ਇਲਮ ਤੇ ਮਆਰਫ਼ ਦੇ ਗਿਆਨ ਦਾ ਸਾਧਨ ਹੁੰਦਾ ਹੈ ਕਿਉਂਕਿ ਰੱਬ ਆਨਣੇ ਮੁਲਹਿਮ ਨੂੰ ਅਗਿਆਨੀ ਤੇ ਮੂਰਖ ਨਹੀਂ ਰੱਖਣਾ ਚਾਹੁੰਦਾ ।

(10) ਸੱਚੇ ਇਲਹਾਮ ਨਾਲ ਹੋਰ ਵੀ ਬਹੁਤ ਸਾਰੀਆਂ ਬਰਕਤਾਂ ਹੁੰਦੀਆਂ ਹਨ । ਅਲੱਾਹ ਦਾ ਕਲਾਮ ਪਾਉਣ ਵਾਲੇ ਨੂੰ ਗ਼ੈਬ ਰਾਹੀਂ ਇਜ਼ੱਤ ਤੇ ਮਾਣ ਬਖ਼ਸ਼ਿਆ ਜਾਂਦਾ ਹੈ ਅਤੇ ਰੁਹਬ ਵੀ ਪ੍ਰਦਾਨ ਕੀਤਾ ਜਾਂਦਾ ਹੈ ।

ਅੱਜ ਦਾ ਅਜਿਹਾ ਮਾੜਾ ਯੁੱਗ ਹੈ ਕਿ ਅਧਿਕਤਰ ਫ਼ਲਸਫ਼ੀ, ਨੇਚਰੀ ਤੇ ਬ੍ਰਹਮੂ ਸੁਭਾਵ ਦੇ ਲੋਕ ਇਸ ਇਲਹਾਮ ਤੋਂ ਇਨਕਾਰੀ ਹਨ । ਇਸੇ ਇਨਕਾਰ ਵਿੱਚ ਅਨੇਕਾਂ ਇਸ ਦੁਨੀਆਂ'ਚੋਂ ਲੰਘ ਵੀ ਗਏ । ਪਰ ਅਸਲ ਗੱਲ ਇਹ ਹੈ ਕਿ ਸੱਚਾਈ ਸੱਚਾਈ ਹੈ ਭਾਵੇਂ ਸਾਰਾ ਸੰਸਾਰ ਇਸ ਦਾ ਇਨਕਾਰ ਕਰੇ ਅਤੇ ਝੂਠ ਝੂਠ ਹੈ ਭਾਵੇਂ ਸਾਰਾ ਸੰਸਾਰ ਉਸਦੀ ਤਸਦੀਕ (ਪੁਸ਼ਟੀ) ਕਰੇ । ਜੋ ਲੋਕ ਖ਼ੁਦਾ ਤਆਲਾ ਨੂੰ ਮਨ੍ਹਦੇ ਹਨ ਅਤੇ ਉਸਨੂੰ ਕੁਸ਼ਲ ਪ੍ਰਬੰਧਕ ਸਮਝਦੇ ਹਨ ਅਤੇ ਉਸਨੂੰ ਦੇਖਣਹਾਰ, ਸੁਨਣਹਾਰ ਤੇ ਜਾਨਣਹਾਰ ਸਮਝਦੇ ਹਨ, ਉਹਨਾਂ ਦੀ ਇਹ ਮੂਰਖਤਾ ਹੈ ਕਿ ਇੰਨ੍ਹਾਂ ਵਿਸ਼ਵਾਸਾਂ ਮਗਰੋਂ ਫਿਰ ਰੱਬ ਦੇ ਕਲਾਮ ਤੋਂ ਇਨਕਾਰੀ ਹਨ । ਕੀ ਜੋ ਦੇਖਦਾ ਹੈ ਜਾਣਦਾ ਹੈ ਅਤੇ ਬਿਨਾਂ ਸ਼ਰੀਰਕ ਸਬਬਾਂ ਦੇ ਉਸਦਾ ਗਿਆਨ ਕਣ ਕਣ ਉਪੱਰ ਵਿਆਪਤ ਹੈ । ਉਹ ਬੋਲ ਨਹੀਂ ਸਕਦਾ । ਇਹ ਕਹਿਣਾ ਵੀ ਗ਼ਲਤੀ ਹੈ ਕਿ ਉਸਦੀ ਬੋਲਣ ਦੀ ਸ਼ਕਤੀ ਪਹਿਲਾਂ ਤਾਂ ਸੀ, ਹੁਣ ਬੰਦ ਹੋ ਗਈ ਹੈ । ਭਾਵ ਉਸਦੇ ਕਲਾਮ ਕਰਨ ਦਾ ਗੁਣ ਅੱਗੇ ਨਹੀਂ ਹੁਣ ਪਿੱਛੇ ਰਹਿ ਗਿਆ ਹੈ । ਅਜਿਹਾ ਕਹਿਣਾ ਬਹੁਤ ਨਿਰਾਸ਼ਾ ਦਿੰਦਾ ਹੈ । ਜੇਕਰ ਰੱਬ ਦੇ

ਗੁਣ ਵੀ ਕਿਸੇ ਸਮੇਂ ਤੱਕ ਚਲ ਕੇ ਫਿਰ ਖਤਮ ਹੋ ਜਾਂਦੇ ਹਨ ਅਤੇ ਉਹਨਾਂ ਦਾ ਕੁਝ ਵੀ ਨਿਸ਼ਾਨ ਬਾਕੀ ਨਹੀਂ ਰਹਿੰਦਾ ਤਾਂ ਫਿਰ ਬਾਕੀ ਦੇ ਗੁਣਾ ਬਾਰੇ ਵੀ ਸੰਦੇਹ ਹੈ । ਅਜਿਹੀਆਂ ਅਕਲਾਂ ਤੇ ਆਸਥਾਵਾਂ ਉਪੱਰ ਦੁੱਖ ਹੈ ਜੋ ਰੱਬ ਦੀਆਂ ਸਾਰੀਆਂ ਸਿਫ਼ਤਾਂ ਨੂੰ ਮਨ੍ਹਕੇ ਫਿਰ ਛੁਰੀ ਫੜ੍ਹ ਕੇ ਬੈਠਦੇ ਹਨ ਅਤੇ ਉਹਨਾਂ ਵਿੱਚੋਂ ਇਕ ਜ਼ਰੂਰੀ ਅੰਗ ਕੱਟ ਕੇ ਸੁੱਟ ਦਿੰਦੇ ਹਨ । ਇਸ ਗੱਲ'ਤੇ ਦੁੱਖ ਹੈ ਕਿ ਆਰਿਆਂ ਨੇ ਤਾਂ ਵੇਦਾਂ ਤੱਕ ਹੀ ਰੱਬ ਦੇ ਕਲਾਮ ਨੂੰ ਸੀਮਤ ਦਿੱਤਾ ਸੀ ਪਰ ਈਸਾਈਆਂ ਨੇ ਵੀ ਇਲਹਾਮ ਨੂੰ ਬੇਮੁਹਰ (ਬੇ ਰੋਕ) ਨਹੀਂ ਛੱਡਿਆ ਭਾਵ ਹਜ਼ਰਤ ਮਸੀਹ ਤੱਕ ਹੀ ਮਨੁੱਖਾਂ ਨੂੰ ਨਿਜੀ ਬਿਨਾਈ ਤੇ ਮਾਅਰਫ਼ਤ ਪ੍ਰਾਪਤ ਕਰਨ ਲਈ ਚਸ਼ਮਦੀਦ ਇਲਹਾਮਾਂ ਦੀ ਲੋੜ ਸੀ । ਭਵਿੱਖ ਵਿੱਚ ਅਜਿਹੀ ਬਦਕਿਸਮਤ ਸੰਤਾਨ ਹੈ ਕਿ ਕਿ ਉਹ ਸਦਾ ਲਈ ਮਹਿਰੂਮ (ਵਾਂਝੇ) ਹਨ ਜੱਦਕਿ ਮਨੁੱਖ ਸਦਾ ਹੀ ਚਸ਼ਮਦੀਦ ਮਾਜਰੇ ਤੇ ਨਿਜੀ ਬਿਨਾਈ ਦਾ ਮੁਥਾਜ ਹੈ । ਧਰਮ ਉਸੇ ਸਮੇਂ ਤੱਕ ਗਿਆਨ ਦੇ ਰੂਪ ਵਿੱਚ ਰਹਿ ਸਕਦਾ ਹੈ ਜੱਦ ਤੱਕ ਰੱਬ ਦੀਆਂ ਸਿਫ਼ਤਾਂ ਹਮੇਸ਼ਾ ਤਾਜ਼ੀਆਂ ਝਲਕੀਆਂ ਦਿਖਾਉਂਦੀਆਂ ਰਹਿਣ ਨਹੀਂ ਤਾਂ ਕਿੱਸੇ ਕਹਾਣੀਆਂ ਦੇ ਰੂਪ ਵਿੱਚ ਹੋਕੇ ਛੇਤੀ ਮਰ ਜਾਂਦਾ ਹੈ । ਕੀ ਅਜਿਹੀ ਅਸਫ਼ਲਤਾ ਨੂੰ ਮਨੁੱਖੀ ਕਾਂਸ਼ੰਸ ਕੁਬੂਲ ਕਰ ਸਕਦਾ ਹੈ ਜੱਦ ਕਿ ਅਸੀਂ ਆਪਣੇ ਅੰਦਰ ਇਸ ਗੱਲ ਦਾ ਅਨੁਭਵ ਦੇਖਦੇ ਹਾਂ ਕਿ ਅਸੀਂ ਉਸ ਪੂਰਨ ਮਾਅਰਫ਼ਤ ਦੇ ਮੁਥਾਜ ਹਨ ਕਿਸੇ ਤਰ੍ਹਾਂ ਬਿਨਾਂ ਇਲਾਹੀ ਕਲਾਮ ਅਤੇ ਵੱਡੇ ਵੱਡੇ ਚਮਤਕਾਰਾਂ ਦੇ ਪੂਰੀ ਨਹੀਂ ਹੋ ਸਕਦੀ ਤਾਂ ਫਿਰ ਕਿਵੇਂ ਰੱਬ ਦੀ ਰਹਿਮਤ ਸਾਡੇ ਉਪੱਰ ਇਲਹਾਮਾਂ ਦਾ ਦਰਵਾਜ਼ਾ ਬੰਦ ਕਰ ਸਕਦੀ ਹੈ । ਕੀ ਇਸ ਜ਼ਮਾਨੇ ਵਿੱਚ ਸਾਡੇ ਦਿਲ ਹੋਰ ਹੋ ਗਏ ਹਨ ਜਾਂ ਰੱਬ ਹੋਰ ਹੋ ਗਿਆ ਹੈ । ਇਹ ਤਾਂ ਅਸੀਂ ਮਨ੍ਹਿਆ ਤੇ ਕੁਬੂਲ ਕੀਤਾ ਕਿ ਇਕ ਜ਼ਮਾਨੇ ਵਿੱਚ ਇਕ ਦਾ ਇਲਹਾਮ ਲੱਖਾਂ ਦੀ ਮਆਰਫ਼ਤ ਨੂੰ ਤਾਜ਼ਾ ਕਰ ਸਕਦਾ ਹੈ ਅਤੇ ਜਣੇ ਜਣੇ ਨੂੰ ਹੋਣਾ ਜ਼ਰੂਰੀ ਨਹੀਂ, ਪਰ ਅਸੀਂ ਇਹ ਕੁਬੂਲ ਨਹੀਂ ਕਰ ਸਕਦੇ ਕਿ ਇਲਹਾਮ ਦੀ ਹੋਂਦ ਸਿਰੇ ਤੋਂ ਹੀ ਮੁਕਾ ਦਿੱਤਾ ਜਾਏ । ਸਾਡੇ ਹੱਥਾਂ ਵਿੱਚ ਕੇਵਲ ਅਜਿਹੇ ਕਿੱਸੇ ਹੋਣ ਜਿੰਨ੍ਹਾਂ ਨੂੰ ਅਸੀਂ ਆਪਣੀਆਂ

ਅੱਖਾਂ ਨਾਲ ਦੇਖਿਆ ਨਹੀਂ । ਸਪਸ਼ਟ ਹੈ ਕਿ ਜੱਦ ਇਕ ਗੱਲ ਸੈਂਕੜਿਆਂ ਸਾਲਾਂ ਤੋਂ ਕਿੱਸੇ ਦੇ ਰੂਪ ਵਿੱਚ ਤੁਰੀ ਆਵੇ ਅਤੇ ਉਸਦੀ ਪ੍ਰਮਾਣਿਕਤਾ ਲਈ ਕੋਈ ਤਾਜ਼ਾ ਨਮੂਨਾ ਪੈਦਾ ਨਾ ਹੋਵੇ ਤਾਂ ਅਧਿਕਤਰ ਵਿਅਕਤੀਤਵ ਜੋ ਆਪਣੇ ਅੰਦਰ ਫ਼ਲਸਫ਼ੀ ਢੰਗ ਰੱਖਦੇ ਹਨ ਉਸ ਕਿੱਸੇ ਨੂੰ ਬਿਨਾਂ ਠੋਸ ਦਲੀਲ ਦੇ ਕੁਬੂਲ ਨਹੀਂ ਕਰ ਸਕਦੇ । ਵਿਸ਼ੇਸ਼ ਕਰਕੇ ਜੱਦ ਇਹ ਕਿੱਸੇ ਅਜਿਹੀਆਂ ਗੱਲਾਂ ਉਪੱਰ ਪ੍ਰਮਾਣਿਤ ਕਰਨ ਜੋ ਸਾਡੇ ਯੁੱਗ ਵਿੱਚ ਕਲਪਨਾ ਦੇ ਵਿਰੁਧ ਲਗੱਣ । ਇਹੋ ਕਾਰਣ ਹੈ ਕਿ ਕੁਝ ਸਮੇਂ ਮਗਰੋਂ ਫ਼ਲਸਫ਼ੀ ਸੁਭਾਵ ਦੇ ਲੋਕ ਹਮੇਸ਼ਾ ਹੀ ਅਜਿਹੀਆਂ ਕਰਾਮਾਤਾਂ ਉਪੱਰ ਠੱਠੇ ਕਰਦੇ ਆਏ ਹਨ ਅਤੇ ਸ਼ੰਕੇ ਦੀ ਹੱਦ ਤੱਕ ਵੀ ਨਹੀ ਠਹਿਰਦੇ । ਇਹ ਉਹਨਾਂ ਦਾ ਹੱਕ ਵੀ ਹੁੰਦਾ ਹੈ ਕਿਉਂਕਿ ਉਹਨਾਂ ਦੇ ਦਿਲ'ਚੋਂ ਲੰਘਦਾ ਹੈ ਕਿ ਉਹੋ ਰੱਬ ਹੈ, ਉਹੋ ਗੁਣ ਅਤੇ ਉਹੋ ਲੋੜਾਂ ਸਾਨੂੰ ਪੇਸ਼ ਹਨ ਤਾਂ ਫਿਰ ਇਲਹਾਮ ਦਾ ਸਿਸਿਲਾ ਕਿਉਂ ਬੰਦ ਹੈ ਜੱਦ ਕਿ ਸਾਰੀਆਂ ਰੂਹਾਂ ਸ਼ੋਰ ਪਾ ਰਹੀਆਂ ਹਨ ਕਿ ਅਸੀਂ ਵੀ ਤਾਜ਼ਾ ਮਆਰਫ਼ਤ ਦੇ ਮੁਥਾਜ ਹਾਂ । ਇਸੇ ਕਰਕੇ ਹਿੰਦੁਆਂ ਵਿੱਚੋਂ ਲੱਖਾਂ ਹੀ ਲੋਕ ਦਹਿਰੀਏ (ਨਾਸਤਕ) ਹੋ ਗਏ ਕਿਉਂਕਿ ਪੰਡਿਤਾਂ ਨੇ ਵਾਰ ਵਾਰ ਉਹਨਾਂ ਨੂੰ ਇਹੋ ਸਿੱਖਿਆ ਦਿੱਤੀ ਕਿ ਕਰੋੜ੍ਹਾਂ ਹੀ ਵਰ੍ਹਿਆਂ ਤੋਂ ਇਲਹਾਮ ਤੇ ਕਲਾਮ ਦਾ ਸਿਸਿਲਾ ਬੰਦ ਹੈ । ਹੁਣ ਉਹਨਾਂ ਨੂੰ ਇਹ ਸੰਦੇਹ ਹੋਇਆ ਕਿ ਵੇਦਾਂ ਦੇ ਜ਼ਮਾਨੇ ਦੀ ਤੁਲਨਾ ਵਿੱਚ ਸਾਡਾ ਜ਼ਮਾਨਾ ਪਰਮੇਸ਼ਰ ਦੇ ਤਾਜ਼ਾ ਇਲਹਾਮਾਂ ਦਾ ਬਹੁਤਾ ਮੁਥਾਜ ਸੀ । ਫਿਰ ਜੇਕਰ ਇਲਹਾਮ ਇਕ ਵਾਸਤਵਿਕ ਸੱਚਾਈ ਹੈ ਤਾਂ ਵੇਦਾਂ ਮਗਰੋਂ ਉਸਦਾ ਸਿਸਿਲਾ ਕਿਉਂ ਸਿਥਰ ਨਾ ਰਿਹਾ । ਇਸੇ ਕਰਕੇ ਆਰਿਆ ਵਰਤ ਵਿੱਚ ਨਾਸਤਿਕਤਾ ਫੈਲ ਗਈ । ਇਸੇ ਲਈ ਸੈਂਕੜੇ ਫਿਰਕੇ (ਜਾਤੀਆਂ) ਹਿੰਦੁਆਂ ਵਿੱਚ ਅਜਿਹੇ ਹਨ ਜੋ ਵੇਦਾਂ ਨਾਲ ਠੱਠਾ ਕਰਦੇ ਹਨ ਅਤੇ ਉਸਦੇ ਇਨਕਾਰੀ ਹਨ । ਉਹਨਾਂ ਵਿੱਚ ਇਕ ਜੈਨ ਮਤਿ ਦੀ ਜਾਤੀ ਹੈ ਅਤੇ ਸਿੱਖਾਂ ਦੀ ਜਾਤੀ ਵੀ ਇਹਨਾਂ ਹੀ ਵਿਚਾਰਾਂ ਕਰਕੇ ਹਿੰਦੁਆਂ ਤੋਂ ਵੱਖਰੀ ਹੋਈ ਹੈ ਕਿਉਂਕਿ ਇਕ ਤਾਂ ਹਿੰਦੂ ਧਰਮ ਵਿੱਚ ਦੁਨੀਆ ਦੀਆਂ ਸੈਂਕੜਿਆਂ ਚੀਜ਼ਾ ਨੂੰ ਰੱਬ ਦੇ ਨਾਲ ਸ਼ਰੀਕ ਮੰਨ੍ਹਿਆ ਗਿਆ ਹੈ । ਸ਼ਿਰਕ (ਅਨੇਕ

ਈਸ਼ਵਰਵਾਦ) ਦਾ ਇੰਨ੍ਹਾਂ ਵੱਡਾ ਢੇਰ ਹੈ, ਜਿਸ ਵਿੱਚੋਂ ਪਰਮੇਸ਼ਰ ਦਾ ਕੁਝ ਪਤਾ ਨਹੀਂ ਲਗਦਾ । ਫਿਰ ਜੋ ਵੇਦਾਂ ਦੇ ਇਲਹਾਮੀ ਹੋਣ ਦਾ ਦਾਵਾ ਹੈ ਇਹ ਕੇਵਲ ਬਿਨਾ ਪ੍ਰਮਾਣ ਦੇ ਇਕ ਕਿੱਸਾ ਹੈ ਜਿਸਨੂੰ ਲੱਖਾਂ ਵਰ੍ਹਿਆਂ ਵੱਲ ਹਵਾਲਾ ਦਿੱਤਾ ਜਾਂਦਾ ਹੈ, ਤਾਜ਼ਾ ਸਬੂਤ ਕੋਈ ਨਹੀਂ । ਇਸੇ ਕਰਕੇ ਜੋ ਪੂਰੇ ਸਿੱਖ ਹਨ ਉਹ ਵੇਦਾਂ ਨੂੰ ਨਹੀਂ ਮਨ੍ਹਦੇ । ਅਖ਼ਬਾਰੇ ਆਮ ਲਹੌਰ **26** ਸਤੰਬਰ **1898** ਈ. ਵਿੱਚ ਇਕ ਸਿੱਖ ਸਾਹਿਬ ਦਾ ਇਸ ਬਾਰੇ ਲੇਖ ਪ੍ਰਕਾਸ਼ਤ ਹੋਇਆ ਹੈ । ਉਹਨਾ ਨੇ ਇਸ ਗੱਲ ਦੇ ਸਮਰਥਨ ਵਿੱਚ ਕਿ ਖ਼ਾਲਸਾ ਦਲ ਵੇਦਾਂ ਨੂੰ ਨਹੀਂ ਮਨ੍ਹਦਾ ਅਤੇ ਉਹਨਾ ਨੂੰ ਗੁਰੂਆਂ ਵੱਲੋਂ ਆਦੇਸ਼ ਹੈ ਕਿ ਉਹ ਵੇਦਾਂ ਨੂੰ ਉੱਕਾ ਹੀ ਨਾ ਮਨ੍ਹਣ । ਗ੍ਰੰਥ ਸਾਹਿਬ ਦੇ ਸ਼ਬਦ ਅਰਥਾਤ ਸ਼ੇਅਰ ਵੀ ਲਿਖੇ ਹਨ ਜਿੰਨ੍ਹਾ ਦਾ ਸਾਰ ਇਹੋ ਹੈ ਕਿ ਵੇਦਾਂ ਨੂੰ ਉੱਕਾ ਹੀ ਨਾ ਮਨ੍ਹਣਾ ਅਤੇ ਇਕਰਾਰ ਕੀਤਾ ਹੈ ਕਿ ਅਸੀਂ ਲੋਕ ਵੇਦਾਂ ਦੇ ਉੱਕਾ ਹੀ ਪੈਰੋਕਾਰ ਨਹੀਂ ਅਤੇ ਨਾ ਹੀ ਇਸਨੂੰ ਕੁਬੂਲ ਕਰਦੇ ਹਾਂ । ਹਾਂ ਕੁਰਆਨ ਕਰੀਮ ਦੀ ਪੈਰ੍ਹਵੀ ਦਾ ਵੀ ਸਮਰਥਨ ਨਹੀਂ ਕੀਤਾ ਪਰ ਇਸਦਾ ਇਹ ਸਬਬ ਹੈ ਕਿ ਸਿੱਖਾਂ ਨੂੰ ਇਸਲਾਮ ਦੀ ਵਾਕਫ਼ੀਯਤ (ਜਾਨਕਾਰੀ) ਨਹੀਂ ਹੈ ਅਤੇ ਉਹ ਇਸ ਨੂਰ ਤੋਂ ਬੇਖ਼ਬਰ ਹਨ ਜੋ ਸਦਾ ਸਲਾਮਤ ਤੇ ਕਾਦਰ ਖ਼ੁਦਾ ਨੇ ਇਸਲਾਮ ਵਿੱਚ ਰੱਖਿਆ ਹੈ । ਗਿਆਨ ਨਾ ਹੋਣ ਦੇ ਸਬਬ ਅਤੇ ਪੱਖਪਾਤ ਕਰਕੇ ਉਹਨਾ ਨੂੰ ਉਸ ਨੂਰਾਂ ਦੀ ਸੂਚਨਾ ਵੀ ਨਹੀਂ ਹੈ ਜੋ ਕੁਰਆਨ ਸ਼ਰੀਫ਼ ਵਿੱਚ ਭਰੇ ਪਏ ਹਨ ਸਗੋਂ ਜਾਤੀ ਤੋਰ'ਤੇ ਜਿੰਨ੍ਹੇ ਹਿੰਦੂਆਂ ਨਾਲ ਉਹਨਾਂ ਦੇ ਸੰਬੰਧ ਹਨ, ਮੁਸਲਮਾਨਾਂ ਨਾਲ ਇਹ ਨੰਬੰਧ ਨਹੀਂ ਹਨ । ਵਰਨਾ (ਨਹੀਂ ਤਾਂ) ਉਹਨਾ ਲਈ ਇਹੋ ਬਹੁਤ ਸੀ ਕਿ ਉਹ ਉਸ ਵਸੀਯੱਤ ਉਪੱਰ ਚਲਦੇ ਜੋ ਚੋਲਾ ਸਾਹਿਬ ਵਿੱਚ ਬਾਬਾ ਨਾਨਕ ਸਾਹਿਬ ਲਿੱਖ ਗਏ ਹਨ । ਕਿਉਂਕਿ ਚੋਲਾ ਸਾਹਿਬ ਵਿੱਚ ਬਾਬਾ ਸਾਹਿਬ ਇਹ ਲਿੱਖ ਗਏ ਹਨ ਕਿ ਇਸਲਾਮ ਤੋਂ ਬਿਨਾਂ ਕੋਈ ਧਰਮ ਠੀਕ ਤੇ ਸੱਚਾ ਨਹੀਂ ਹੈ । ਇਸ ਲਈ ਅਜਿਹੇ ਮਹਾਨ ਬਜ਼ੁਰਗ ਦੀ ਇਸ ਜ਼ਰੂਰੀ ਵਸੀਯੱਤ ਨੂੰ ਨਸ਼ਟ ਕਰ ਦੇਣਾ ਅਤਿਅੰਤ ਦੁੱਖ ਦੀ ਗੱਲ ਹੈ । ਖ਼ਾਲਸਾ ਸਾਹਿਬਾਨ ਦੇ ਹੱਥਾਂ ਵਿੱਚ ਕੇਵਲ ਇਕ ਚੋਲਾ ਸਾਹਿਬ ਹੀ ਹੈ ਜੋ ਬਾਬਾ ਸਾਹਿਬ

ਦੇ ਹੱਥਾਂ ਦੀ ਯਾਦਗਾਰ ਹੈ । ਗ੍ਰੰਥ ਸਾਹਿਬ ਦੇ ਸ਼ਬਦ ਤਾਂ ਬਹੁਤ ਚਿਰ ਪਿੱਛੋਂ ਇਕੱਠੇ ਕੀਤੇ ਗਏ ਹਨ ਜਿਸ ਵਿੱਚ ਖੋਜੀਆਂ ਨੂੰ ਬਹੁਤ ਕੁਝ ਕਲਾਮ ਹੈ । ਰੱਬ ਜਾਣੇ ਉਸ ਵਿੱਚ ਕੀ ਕੀ ਪਰੀਵਰਤਨ ਹੋਏ ਹਨ ਅਤੇ ਕਿੰਨ੍ਹਾ ਕਿੰਨ੍ਹਾ ਲੋਕਾਂ ਦੇ ਕਲਾਮ ਦਾ ਜ਼ਖੀਰਾ (ਭੰਡਾਰ) ਹੈ । ਖ਼ੈਰ, ਇਹ ਗੱਲ ਇਸ ਥਾਂ ਯੋਗ ਨਹੀਂ ਹੈ । ਸਾਡਾ ਤਾਂ ਅਸਲ ਮਤਲਬ ਇਹ ਹੈ ਕਿ ਮਨੁੱਖਾਂ ਦਾ ਈਮਾਨ ਤਾਜ਼ਾ ਰੱਖਣ ਲਈ ਹਮੇਸ਼ਾ ਹੀ ਤਾਜ਼ਾ ਇਲਹਾਮਾਂ ਦੀ ਲੋੜ ਹੈ ਅਤੇ ਉਹ ਇਲਹਾਮ ਸਤੱਾ ਦੀ ਸ਼ਕਤੀ ਨਾਲ ਪਛਾਣੇ ਜੰਦੇ ਹਨ । ਕਿਉਂਕਿ ਰੱਬ ਤੋਂ ਬਿਨਾਂ ਕਿਸੇ ਵੀ ਸ਼ੈਤਾਨ, ਜਿੰਨ ਅਤੇ ਭੂਤ ਵਿੱਚ ਸਤੱਾ ਦੀ ਸ਼ਕਤੀ ਨਹੀਂ ਹੈ ਅਤੇ ਸਮੇਂ ਦੇ ਇਮਾਮ ਦੇ ਇਲਹਾਮਾਂ ਨਾਲ ਬਾਕੀ ਇਲਹਾਮਾਂ ਦੀ ਸਵਾਸਥ ਦੀ ਪੁਸ਼ਟੀ ਹੁੰਦੀ ਹੈ ।

ਅਸੀਂ ਦੱਸ ਚੁਕੇ ਹਾਂ ਕਿ ਇਮਾਮੁਜ਼ੱਮਾਂ (ਸਮੇਂ ਦਾ ਇਮਾਮ) ਆਪਣੇ ਸੁਭਾਵ ਵਿੱਚ ਹੀ ਇਮਾਮਤ ਦੀ ਸ਼ਕਤੀ ਰੱਖਦਾ ਹੈ ਅਤੇ ਕੁਦਰਤ ਦੇ ਹੱਥ ਨੇ ਉਸ ਵਿੱਚ ਪੇਸ਼ਵਾਈ ਦਾ ਖ਼ਾਸਾ ਰੱਖਿਆ ਹੁੰਦਾ ਹੈ । ਇਹ ਰੱਬ ਦੀ ਮਰਿਆਦਾ ਹੈ ਕਿ ਉਹ ਮਨੁੱਖਾਂ ਨੂੰ ਖਿੰਡਿਆ ਪੁੰਡਿਆ ਨਹੀਂ ਛੱਡਣਾ ਚਾਹੁੰਦਾ ਸਗੋਂ ਜਿਵੇਂ ਉਸਨੇ ਸੌਰ ਮੰਡਲ ਵਿੱਚ ਬਹੁਤ ਸਾਰੇ ਤਾਰਿਆਂ ਨੂੰ ਦਾਖ਼ਲ ਕਰਕੇ ਸੂਰਜ ਨੂੰ ਉਸ ਮੰਡਲ ਦੀ ਬਾਦਸ਼ਾਹੀ ਬਖ਼ਸ਼ੀ ਹੈ । ਅਜਿਹਾ ਹੀ ਉਹ ਆਮ ਮੋਮਨਾ ਨੂੰ ਤਾਰਿਆਂ ਵਾਂਗ ਮਰਤਬੇ ਅਨੁਸਾਰ ਰੌਸ਼ਨੀ ਬਖ਼ਸ਼ ਕੇ ਇਮਾਮੁਜ਼ੱਮਾਨ ਨੂੰ ਸੂਰਜ ਕਰਾਰ ਦਿੰਦਾ ਹੈ। ਇਹ ਇਲਾਹੀ ਸੁਨੱਤ (ਮਰਿਆਦਾ) ਇੱਥੋਂ ਤੱਕ ਉਸਦੀ ਸ੍ਰਿਸ਼ਟੀ ਵਿੱਚ ਪਾਈ ਜਾਂਦੀ ਹੈ ਕਿ ਸ਼ਹਿਦ ਦੀਆਂ ਮੱਖੀਆਂ ਵਿੱਚ ਵੀ ਇਹ ਨਿਜ਼ਾਮ ਮਜੂਦ ਹੈ ਕਿ ਉਹਨਾਂ ਵਿੱਚ ਵੀ ਇਕ ਇਮਾਮ ਹੁੰਦਾ ਹੈ ਜੋ 'ਯਾਅਸੂਬ' ਅਖਵਾਉਂਦਾ ਹੈ । ਸ਼ਰੀਰਕ ਅਵਸਥਾ ਵਿੱਚ ਵੀ ਰੱਬ ਨੇ ਇਹੋ ਇਰਾਦਾ ਕੀਤਾ ਹੈ ਕਿ ਇਕ ਕੌਮ ਵਿੱਚ ਇਕ ਅਮੀਰ ਤੇ ਬਾਦਸ਼ਾਹ ਹੋਵੇ ਅਤੇ ਰੱਬ ਦੀ ਲਾਨ੍ਹਤ ਉਹਨਾ ਲੋਕਾਂ ਉਪੱਰ ਹੈ ਜੋ ਪੱਖਪਾਤ ਪਸੰਦ ਕਰਦੇ ਹਨ ਅਤੇ ਇਕ ਅਮੀਰ ਦੇ ਹੁਕਮਾਂ ਹੇਠ ਨਹੀਂ ਚਲਦੇ । ਜੱਦ ਕਿ ਉਹ ਵੱਡੀ ਸ਼ਾਨ ਵਾਲਾ ਰੱਬ ਫ਼ਰਮਾਉਂਦਾ ਹੈ :

## 'ਅਤੀਉਲੱਾਹਾ ਵ ਅਤੀਉਰ ਰਸੂਲਾ ਵ ਉਲਿਲ ਅਮਰਿ ਮਿਨਕੁਮ'

أَطِيعُوا اللّٰهَ وَأَطِيعُوا الرَّسُولَ وَأُولِي الْأَمْرِ مِنْكُمْ (النساء 60)

ਉਲਿਲ ਅਮਰਿ ਤੋਂ ਭਾਵ ਸ਼ਰੀਰਕ ਤੌਰ'ਤੇ ਬਾਦਸ਼ਾਹ ਅਤੇ ਰੂਹਾਨੀ ਤੌਰ'ਤੇ ਇਮਾਮੁਜ਼ੱਮਾਨ ਹੈ । ਸ਼ਰੀਰਕ ਤੌਰ'ਤੇ ਜੋ ਮਨੁੱਖ ਸਾਡੇ ਉੱਦੇਸ਼ਿਆਂ ਦਾ ਵਿਰੋਧੀ ਨਾ ਹੋਵੇ ਅਤੇ ਉਸ ਤੋਂ ਧਾਰਮਕ ਲਾਭ ਸਾਨੂੰ ਪ੍ਰਾਪਤ ਹੋ ਸਕੇ ਉਹ ਸਾਡੇ ਵਿੱਚੋਂ ਹੈ। ਇਸੇ ਲਈ ਮੇਰੀ ਨਸੀਹਤ ਆਪਣੀ ਜਮਾਤ ਨੂੰ ਇਹੋ ਹੈ ਕਿ ਉਹ ਅੰਗ੍ਰੇਜ਼ੀ ਬਾਦਸ਼ਾਹਤ ਨੂੰ ਆਪਣੇ ਉਲਿਲ ਅਮਰਿ ਵਿੱਚ ਦਾਖ਼ਲ ਕਰਨ ਅਤੇ ਦਿਲ ਦੀ ਸਚੱਾਈ ਨਾਲ ਉਹਨਾ ਦੇ ਆਗਿਆਕਾਰੀ ਰਹਿਣ ਕਿਉਂਕਿ ਉਹ ਸਾਡੇ ਧਾਰਮਕ ਉਦੇਸ਼ਿਆਂ ਦੀ ਰੋਕ ਨਹੀਂ ਹਨ ਸਗੋਂ ਸਾਨੂੰ ਉਹਨਾਂ ਦੇ ਵੁਜੂਦ ਨਾਲ ਬਹੁਤ ਆਰਾਮ ਮਿਲਿਆ ਹੈ । ਅਸੀਂ ਬੇਈਮਾਨੀ ਕਰਾਂਗੇ ਜੇਕਰ ਇਸ ਗੱਲ ਦਾ ਇਕਰਾਰ ਨਾ ਕਰੀਏ ਕਿ ਅੰਗ੍ਰੇਜ਼ਾਂ ਨੇ ਸਾਡੇ ਧਰਮ ਨੂੰ ਇਕ ਪ੍ਰਕਾਰ ਦੀ ਉਹ ਮਦਦ ਦਿੱਤੀ ਹੈ ਜੋ ਹਿੰਦੁਸਤਾਨ ਦੇ ਇਸਲਾਮੀ ਬਾਦਸ਼ਾਹਾਂ ਨੂੰ ਵੀ ਉਪਲਭਦ ਨਹੀਂ ਆ ਸਕੀ ਕਿਉਂਕਿ ਕੁਝ ਇਸਲਾਮੀ ਬਾਦਸ਼ਾਹਾਂ ਨੇ ਆਪਣੀ ਕੁਤਾਹੀਆਂ ਕਰਕੇ ਸੂਬਾ ਪੰਜਾਬ ਨੂੰ ਛੱਡ ਦਿੱਤਾ ਸੀ । ਉਹਨਾਂ ਦੀ ਇਸ ਗ਼ਫ਼ਲਤ ਨਾਲ ਸਿੱਖਾਂ ਦੀਆਂ ਵੱਖ ਵੱਖ ਹੁਮੂਮਤਾਂ ਸਮੇਂ ਸਾਡੇ ਉਪੱਰ ਅਤੇ ਸਾਡੇ ਧਰਮ ਉਪੱਰ ਉਹ ਔਕੜਾਂ ਆਈਆਂ ਕਿ ਮਸਜਿਦਾਂ ਵਿੱਚ ਜਮਾਤ ਨਾਲ ਨਮਾਜ਼ ਪੜ੍ਹਨਾ ਅਤੇ ਬੁਲੰਦ ਆਵਾਜ਼ ਨਾਲ ਬਾਂਗ ਦੇਣਾ ਵੀ ਕਠਿਨ ਹੋ ਗਿਆ ਸੀ । ਪੰਜਾਬ ਵਿੱਚ ਦੀਨਿ ਇਸਲਾਮ ਮਰ ਚੁਕਿਆ ਸੀ । ਫਿਰ ਅੰਗ੍ਰੇਜ਼ ਆਏ ਅਤੇ ਅੰਗ੍ਰੇਜ਼ ਕੀ ਸਾਡੇ ਭਾਗ ਪਰਤ ਆਏ । ਉਹਨਾਂ ਨੇ ਦੀਨਿ ਇਸਲਾਮ ਦੀ ਮਦਦ ਕੀਤੀ ਅਤੇ ਸਾਡੇ ਧਾਰਮਕ ਫ਼ਰਜ਼ਾਂ ਵਿੱਚ ਸਾਨੂੰ ਪੂਰੀ ਆਜ਼ਾਦੀ ਦਿਤੀ ਅਤੇ ਸਾਡੀਆਂ ਮਸਜਿਦਾਂ ਮੁਕਤ ਕੀਤੀਆਂ ਗਈਆਂ । ਫਿਰ ਇਕ ਲੰਮੇਂ ਸਮੇਂ ਮਗਰੋਂ ਪੰਜਾਬ ਵਿੱਚ ਇਸਲਾਮੀ ਸਭਿਆਚਾਰ ਦਿਖਾਈ ਦੇਣ ਲਗੱਾ । ਇਸ ਲਈ ਕੀ ਇਹ ਉਪਕਾਰ ਚੇਤੇ ਰੱਖਣ ਯੋਗ ਨਹੀਂ ? ਸਗੋਂ ਸੱਚ ਤਾਂ ਇਹ ਹੈ ਕਿ ਕੁਝ ਸੁਸਤ ਹਿਮੱਤ

ਇਸਲਾਮੀ ਬਾਦਸ਼ਾਹਾਂ ਨੇ ਤਾਂ ਆਪਣੀ ਗ਼ਫ਼ਲਤ ਕਰਕੇ ਸਾਨੂੰ ਕੁਫ਼ਰ ਦੇ ਖੇਤਰ ਵਿੱਚ ਧੱਕ ਦਿੱਤਾ ਸੀ ਪਰ ਅੰਗ੍ਰੇਜ਼ ਹੱਥ ਫੜ ਕੇ ਸਾਨੂੰ ਬਾਹਰ ਕੱਢ ਲਿਆਏ । ਇਸ ਲਈ ਅੰਗ੍ਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਦੀ ਖਿਚੜੀ ਪਕਾਉਂਦੇ ਰਹਿਣਾ ਰੱਬ ਦੀਆਂ ਨੇਮਤਾਂ ਨੂੰ ਭੁਲਾਉਣਾ ਹੈ।

ਫਿਰ ਅਸਲ ਕਲਾਮ ਵੱਲ ਪਰਤ ਕੇ ਆਖਦਾ ਹਾਂ ਕਿ ਕੁਰਆਨ ਸ਼ਰੀਫ਼ ਨੇ ਜਿਵੇਂ ਕਿ ਸ਼ਰੀਰਕ ਸਭਿਅਤਾ ਲਈ ਇਹ ਤਾਕੀਦ ਫ਼ਰਮਾਈ ਹੈ ਕਿ ਇਕ ਬਾਦਸ਼ਾਹ ਦੀ ਅਗਵਾਈ ਹੇਠ ਚੱਲੋ । ਇਹੋ ਤਾਕੀਦ ਰੂਹਾਨੀ ਸਭਿਅਤਾ ਲਈ ਵੀ ਹੈ । ਇਸੇ ਵੱਲ ਸੰਕੇਤ ਹੈ ਜੋ ਅੱਲਾਹ ਤਆਲਾ ਇਹ ਦੁਆ ਸਿਖਾਉਂਦਾ ਹੈ :

ਇਹਦਿ ਨੱਸਿਰਾਤਲ ਮੁਸਤਕੀਮ ਸਿਰਾਤਲੱਜ਼ੀਨਾ ਅਨਅਮਤਾ ਅਲੈਹਿਮ

(اهْدِنَا الصِّرَاطَ الْمُسْتَقِيمَ () صِرَاطَ الَّذِينَ أَنْعَمْتَ عَلَيْهِمْ (الفاتحة 6-7)

ਇਸ ਲਈ ਸੋਚਣਾ ਚਾਹੀਦਾ ਹੈ ਕਿ ਇਉਂ ਤਾਂ ਕੋਈ ਮੋਮਨ ਸਗੋਂ ਕੋਈ ਮਨੁੱਖ ਸਗੋਂ ਪਸ਼ੂ ਵੀ ਰੱਬ ਦੀ ਨੇਮਤ ਤੋਂ ਖ਼ਾਲੀ ਨਹੀਂ । ਪਰ ਨਹੀਂ ਆਖ ਸਕਦੇ ਕਿ ਉਹਨਾਂ ਦੀ ਪੈਰ੍ਵੀ ਲਈ ਰੱਬ ਨੇ ਇਹ ਹੁਕਮ ਫ਼ਰਮਾਇਆ ਹੈ । ਇਸ ਲਈ ਇਸ ਆਇਤ ਦੇ ਇਹ ਅਰਥ ਹਨ ਕਿ ਜਿੰਨ੍ਹਾ ਲੋਕਾਂ ਉਪੱਰ ਸੰਪੂਰਨ ਤੇ ਕਾਮਲ ਤੌਰ'ਤੇ ਰੂਹਾਨੀ ਨੇਮਤਾਂ ਦੀ ਵਰਖਾ ਹੋਈ ਹੈ ਉਹਨਾਂ ਦੇ ਮਾਰਗਾਂ ਨੂੰ ਅਪਨਾਉਣ ਦਾ ਬਲ ਬਖ਼ਸ਼, ਤਾਂ ਜੋ ਅਸੀਂ ਉਹਨਾਂ ਦੀ ਪੈਰ੍ਵੀ ਕਰੀਏ । ਇਸ ਲਈ ਇਸ ਆਇਤ ਵਿੱਚ ਇਹੋ ਸੰਕੇਤ ਹੈ ਕਿ ਤੁਸੀਂ ਇਮਾਮੁਜ਼ੱਮਾਨ (ਸਮੇਂ ਦੇ ਇਮਾਮ) ਨਾਲ ਹੋ ਜਾਓ ।

ਚੇਤੇ ਰਹੇ ਕਿ ਇਮਾਮੁਜ਼ੱਮਾਨ ਦੇ ਸ਼ਬਦ ਵਿੱਚ ਨਬੀ, ਰਸੂਲ, ਮੁਹੱਦਿਸ ਤੇ ਮੁਜੱਦਿਦ ਸਾਰੇ ਸ਼ਾਮਲ ਹਨ । ਪਰ ਜੋ ਲੋਕ ਉਪਦੇਸ਼ਾਂ ਅਤੇ ਮਖ਼ਲੂਕ ਦੀ ਹਦਾਇਤ ਲਈ ਨਿਯੁਕਤ ਨਹੀਂ ਹੋਏ ਅਤੇ ਨਾ ਹੀ ਉਹ ਕਮਾਲਾਤ (ਚਮਤਕਾਰ) ਉਹਨਾਂ ਨੂੰ ਦਿੱਤੇ ਗਏ ਕਿ ਉਹ ਵਲੀ ਹੋਣ ਜਾਂ ਅਬਦਾਲ (ਓਲੀਆ) ਹੋਣ, ਇਮਾਮੁਜ਼ੱਮਾਨ ਨਹੀਂ ਅਖਵਾ ਸਕਦੇ ।

**ਹੁਣ ਅੰਤ ਨੂੰ ਇਹ ਪ੍ਰਸ਼ਨ ਬਾਕੀ ਰਿਹਾ ਕਿ ਇਸ ਜ਼ਮਾਨੇ ਵਿੱਚ ਇਮਾਮੁਜ਼ੱਮਾਨ (ਸਮੇਂ ਦਾ ਇਮਾਮ) ਕੌਣ ਹੈ**, ਜਿਸਦੀ ਪੈਰ੍ਹਵੀ ਸਾਰਿਆਂ ਮੁਸਲਮਾਨਾਂ, ਵੈਰਾਗੀਆਂ, ਸਵਪੱਨ ਕਾਰੀਆਂ ਅਤੇ ਮੁਲਹਿਮਾ (ਇਲਹਾਮ ਪਾਉਣ ਵਾਲਿਆਂ) ਨੂੰ ਕਰਨੀ ਰੱਬ ਵੱਲੋਂ ਫ਼ਰਜ਼ ਕੀਤੀ ਗਈ ਹੈ ।

## ਸੋ, ਮੈਂ, ਇਸ ਸਮੇਂ ਬੇਧੜਕ ਕਹਿੰਦਾ ਹਾਂ ਕਿ ਖ਼ੁਦਾ ਤਆਲਾ ਦੀ ਮਿਹਰ ਤੇ ਕਿਰਪਾ ਦ੍ਰਿਸ਼ਟੀ ਨਾਲ ਉਹ :

# ਇਮਾਮੁਜ਼ੱਮਾਨ (ਵਰਤਮਾਨ ਸਮੇਂ ਦਾ ਇਮਾਮ) ਮੈਂ ਹਾਂ

ਅਤੇ ਖ਼ੁਦਾ ਤਆਲਾ ਨੇ ਉਹ ਸਾਰੀਆਂ ਅਲਾਮਤਾਂ ਅਤੇ ਸਾਰੀਆਂ ਸ਼ਰਤਾਂ ਮੇਰੇ ਵਿੱਚ ਇਕੱਤਰ ਕਰ ਦਿੱਤੀਆਂ ਹਨ । ਇਸ ਸਦੀ ਦੇ ਸਿਰੇ ਉਪੱਰ ਮੈਂਨੂੰ ਨਿਯੁਕਤ ਫ਼ਰਮਾਇਆ ਹੈ ਜਿਸ ਵਿੱਚੋਂ ਪੰਦਰ੍ਹਾਂ ਵਰ੍ਹੇ ਲੰਘ ਵੀ ਚੁਕੇ ਹਨ । ਅਜਿਹੇ ਸਮੇਂ ਵਿੱਚ ਪ੍ਰਗਟ ਹੋਇਆ ਹਾਂ ਕਿ ਜਿਸ ਸਮੇਂ ਇਸਲਾਮੀ ਅਕੀਦੇ ਮਤਿਭੇਦ ਨਾਲ ਭਰ ਗਏ ਸਨ ਅਤੇ ਕੋਈ ਅਕੀਦਾ ਵੀ ਮਤਿਭੇਦ ਤੋਂ ਖ਼ਾਲੀ ਨਹੀਂ ਸੀ ਅਜਿਹਾ ਹੀ ਮਸੀਹ ਦੇ ਨਾਜ਼ਿਲ ਹੋਣ ਬਾਰੇ ਅਤਿਅੰਤ ਗਲਤ ਖਿਆਲ ਫੈਲ ਗਏ ਸਨ । ਇਸ ਅਕੀਦੇ ਵਿੱਚ ਵੀ ਮਤਿਭੇਦ ਦਾ ਇਹ ਹਾਲ ਸੀ ਕਿ ਕੋਈ

ਹਜ਼ਰਤ ਈਸਾ ਦੇ ਜੀਉਂਦੇ ਹੋਣ ਦਾ ਕਾਇਲ ਸੀ ਅਤੇ ਕੋਈ ਮੌਤ ਦਾ । ਕੋਈ ਸ਼ਰੀਰਕ ਰੂਪ ਵਿੱਚ ਨਾਜ਼ਿਲ ਹੋਣਾ ਮਨ੍ਹਦਾ ਸੀ ਤੇ ਕੋਈ ਬੁਰੂਜ਼ੀ (ਸਮਰੂਪ, ਪ੍ਰਤੀਬਿੰਬ) ਰੂਪ ਵਿੱਚ ਨਾਜ਼ਿਲ ਹੋਣਾ ਮਨ੍ਹਦਾ ਸੀ । ਕੋਈ ਉਹਨਾਂ ਨੂੰ ਦਮਿਸ਼ਕ ਵਿੱਚ ਉਤਾਰਦਾ ਸੀ, ਕੋਈ ਮੱਕੇ ਵਿੱਚ, ਕੋਈ ਬੈਤੁਲ ਮੁਕਦੱਸ ਵਿੱਚ, ਕੋਈ ਇਸਲਾਮੀ ਲਸ਼ਕਰ ਵਿੱਚ ਅਤੇ ਕੋਈ ਖ਼ਿਆਲ ਕਰਦਾ ਸੀ ਕਿ ਭਾਰਤ ਵਿੱਚ ਉਤੱਰਨਗੇ । ਇਸ ਲਈ ਇਹ ਸਾਰੇ ਮਤਿਭੇਦ ਤੇ ਭਿੰਨ ਭਿੰਨ ਗੱਲਾਂ ਇਕ ਫ਼ੈਸਲਾ ਕਰਨ ਵਾਲੇ ਹਕਮ (ਨਿਆਕਾਰ) ਨੂੰ ਚਾਹੁੰਦੇ ਸਨ, ਇਸ ਲਈ ਉਹ ਹਕਮ ਮੈਂ ਹਾਂ । ਮੈਂ ਰੂਹਾਨੀ ਤੌਰ'ਤੇ ਕਸਰੇ ਸਲੀਬ (ਸਲੀਬ ਦੇ ਗਲਤ ਅਕੀਦਿਆਂ ਨੂੰ ਮੁਕਾਉਣ ਲਈ) ਲਈ ਅਤੇ ਮਤਿਭੇਦਾਂ ਨੂੰ ਦੂਰ ਕਰਨ ਲਈ ਭੇਜਿਆ ਗਿਆ ਹਾਂ । ਇਹਨਾਂ ਹੀ ਦੋਹਾਂ ਗੱਲਾਂ ਨੇ ਮੰਗ ਕੀਤੀ ਕਿ ਮੈਂ ਭੇਜਿਆ ਜਾਵਾਂ । ਮੇਰੇ ਲਈ ਜ਼ਰੂਰੀ ਨਹੀਂ ਸੀ ਕਿ ਮੈਂ ਆਪਣੀ ਵਾਸਤਵਿਕਤਾ ਲਈ ਕੋਈ ਦਲੀਲ ਪੇਸ਼ ਕਰਾਂ ਕਿਉਂਕਿ ਲੋੜ ਆਪ ਦਲੀਲ ਹੈ । ਪਰ ਫਿਰ ਵੀ ਮੇਰੇ ਪੱਖ ਵਿੱਚ ਖ਼ੁਦਾ ਤਆਲਾ ਨੇ ਕਈ ਨਿਸ਼ਾਨ (ਚਮਤਕਾਰ) ਪ੍ਰਗਟ ਕੀਤੇ ਹਨ ਅਤੇ ਮੈਂ ਜਿਵੇਂ ਕਿ ਮਤਿਭੇਦਾਂ ਵਿੱਚ ਫ਼ੈਸਲਾ ਕਰਨ ਲਈ ਹਕਮ (ਨਿਆਕਾਰ) ਹਾਂ ਅਜਿਹਾ ਹੀ ਜੀਵਨ ਮੌਤ ਦੇ ਝਗੜੇ ਵਿੱਚ ਵੀ ਹਕਮ ਹਾਂ । ਮੈਂ ਇਮਾਮ ਮਾਲਿਕ ਅਤੇ ਇਬਨੇ ਹਰਮ ਤੇ ਮੁਅਤਜ਼ਿਲਹ ਦੇ ਕਥਨਾਂ ਨੂੰ ਮਸੀਹ ਦੀ ਮੌਤ ਬਾਰੇ ਸਹੀ ਕਰਾਰ ਦਿੰਦਾ ਹਾਂ ਅਤੇ ਹੋਰਨਾ ਅਹਿਲੇ ਸੁਨੱਤ ਨੂੰ ਗਲਤੀ ਉਪੱਰ ਸਮਝਦਾ ਹਾਂ । ਇਸ ਲਈ ਮੈਂ ਹਕਮ ਹੁੰਦਿਆਂ ਹੋਇਆਂ ਇਹਨਾਂ ਝਗੜਾ ਕਰਨ ਵਾਲਿਆਂ ਵਿੱਚ ਇਹ ਹੁਕੁਮ ਜਾਰੀ ਕਰਦਾ ਹਾਂ ਕਿ ਨਾਜ਼ਿਲ ਹੋਣ ਦੇ ਸੰਖੇਪ ਅਰਥਾਂ ਵਿੱਚ ਅਹਿਲੇ ਸੁਨੱਤ ਦਾ ਫਿਰਕਾ ਸੱਚਾ ਹੈ ਕਿਉਂਕਿ ਮਸੀਹ ਦਾ ਬੁਰੂਜ਼ੀ (ਸਮਰੂਪ) ਤੌਰ'ਤੇ ਨਾਜ਼ਲ ਹੋਣਾ ਜ਼ਰੂਰੀ ਸੀ । ਹਾਂ, ਨਾਜ਼ਲ ਹੋਣ ਦੀ ਅਵਸਥਾ ਵਰਨਣ ਕਰਨ ਵਿੱਚ ਉਹਨਾਂ ਲੋਕਾਂ ਨੂੰ ਗਲਤੀ ਲੱਗੀ ਹੈ । ਨਾਜ਼ਲ ਹੋਣ ਦਾ ਗੁਣ ਬੁਰੂਜ਼ੀ (ਸਮਰੂਪ) ਦਾ ਸੀ ਨਾ ਕਿ ਹਕੀਕੀ । ਅਤੇ ਮਸੀਹ ਦੀ ਮੌਤ ਬਾਰੇ

ਮੁਅਤਜ਼ਿਲਾ, ਇਮਾਮ ਮਾਲਿਕ ਅਤੇ ਇਬਨੇ ਹਜ਼ਮ ਆਦਿ ਉਹਨਾ ਦੇ ਵਾਰਤਾਲਾਪ ਕਰਤਾ ਸੱਚੇ ਹਨ ਕਿਉਂਕਿ ਕੁਰਆਨ ਕਰੀਮ ਦੀ ਸਾਫ਼ ਤੇ ਸਪਸ਼ਟ ਆਇਤ

ਫ਼ਲਮੱਾ ਤਵੱਫ਼ੈਤਨੀ (فَلَمَّا تَوَفَّيۡتَنِىۡ (المائدۃ 118)

ਅਨੁਸਾਰ ਈਸਾਈਆਂ ਦੇ ਵਿਗੜਨ ਤੋਂ ਪਹਿਲਾਂ ਮਸੀਹ ਦੀ ਮੌਤ ਹੋਣਾ ਜ਼ਰੂਰੀ ਸੀ । ਇਹ ਮੇਰੀ ਵੱਲੋਂ ਹਕਮ ਦੇ ਰੂਪ ਵਿੱਚ ਫ਼ੈਸਲਾ ਹੈ । ਹੁਣ ਜੋ ਮਨੁੱਖ ਮੇਰੇ ਫ਼ੈਸਲੇ ਨੂੰ ਮਨ੍ਹਦਾ ਨਹੀਂ, ਉਹ ਉਸਨੂੰ ਨਹੀਂ ਮਨ੍ਹਦਾ ਜਿਸਨੇ ਮੈਂਨੂੰ ਹਕਮ (ਨਿਆਏਕਾਰ) ਨਿਯੁਕਤ ਕੀਤਾ ਹੈ ਜੇਕਰ ਇਹ ਪ੍ਰਸ਼ਨ ਕੀਤਾ ਜਾਵੇ ਕਿ ਤੁਹਾਡੇ ਹਕਮ ਹੋਣ ਦਾ ਕੀ ਸਬੂਤ ਹੈ ? ਇਸ ਦਾ ਉੱਤਰ ਇਹ ਹੈ ਕਿ ਜਿਸ ਜ਼ਮਾਨੇ ਲਈ ਹਕਮ ਆਉਣਾ ਚਾਹੀਦਾ ਸੀ ਉਹ ਜ਼ਮਾਨਾ ਮਜੂਦ ਹੈ ਅਤੇ ਜਿਸ ਕੌਮ ਦੀਆਂ ਸਲੀਬੀ ਗ਼ਲਤੀਆਂ ਦਾ ਹਕਮ ਨੇ ਸੁਧਾਰ ਕਰਨਾ ਸੀ ਉਹ ਕੌਮ ਮਜੂਦ ਹੈ । ਜਿੰਨ੍ਹਾਂ ਨਿਸ਼ਾਨਾ (ਚਮਤਕਾਰਾਂ) ਨੇ ਇਸ ਹਕਮ ਦੀ ਗਵਾਹੀ ਦੇਣੀ ਸੀ ਉਹ ਨਿਸ਼ਾਨ ਪ੍ਰਗਟ ਹੋ ਚੁਕੇ ਹਨ ਅਤੇ ਹੁਣ ਵੀ ਇਹ ਸਿਲਸਿਲਾ ਜਾਰੀ ਹੈ । ਆਕਾਸ਼ ਨਿਸ਼ਾਨ ਪ੍ਰਗਟ ਕਰ ਰਿਹਾ ਹੈ, ਧਰਤੀ ਚਮਤਕਾਰ ਦਿਖਾ ਰਹੀ ਹੈ । ਮੁਬਾਰਕ ਹਨ ਉਹ ਜਿੰਨ੍ਹਾਂ ਦੀਆਂ ਅੱਖਾਂ ਹੁਣ ਬੰਦ ਨਾ ਰਹਿਣ ।

ਮੈਂ ਇਹ ਨਹੀਂ ਕਹਿੰਦਾ ਕਿ ਪਹਿਲੇ ਚਮਤਕਾਰਾਂ ਉਪੱਰ ਹੀ ਈਮਾਨ ਲਿਆਓ ਸਗੋਂ ਮੈਂ ਕਹਿੰਦਾ ਹਾਂ ਕਿ ਜੇਕਰ ਮੈਂ ਹਕਮ ਨਹੀਂ ਹਾਂ ਤਾਂ ਮੇਰੇ ਚਮਤਕਾਰਾਂ ਦਾ ਮੁਕਾਬਲਾ ਕਰੋ । ਮੇਰੇ ਮੁਕਾਬਲੇ ਉਪੱਰ ਜੋ ਅਕੀਦਿਆਂ ਦੇ ਮਤਿਭੇਦ ਦੇ ਸਮੇਂ ਆਇਆਂ ਹਾਂ ਅਤੇ ਸਾਰੀਆਂ ਬਹਿਸਾਂ ਨਿਗੁਣੀਆਂ ਹਨ, ਕੇਵਲ ਹਕਮ ਦੀ ਬਹਿਸ ਵਿੱਚ ਹਰ ਇਕ ਦਾ ਹੱਕ ਹੈ, ਜਿਸਨੂੰ ਮੈਂ ਪੂਰਾ ਕਰ ਚੁੱਕਿਆ ਹਾਂ । ਰੱਬ ਨੇ ਮੈਂਨੂੰ ਚਾਰ ਨਿਸ਼ਾਨ (ਚਮਤਕਾਰ) ਦਿੱਤੇ ਹਨ :

(1) ਮੈਂ ਕੁਰਆਨ ਸ਼ਰੀਫ਼ ਦੇ ਚਮਤਕਾਰ ਦੇ ਪ੍ਰਤੀਬਿੰਬ ਦੇ ਰੂਪ ਵਿੱਚ ਅਰਬੀ ਭਾਸ਼ਾ ਉਪੱਰ ਬਲਾਗ਼ਤ ਵ ਫ਼ਸਾਹਤ (ਅਰਥਾਤ ਅਰਬੀ ਦਾ ਗੂੜ

ਗਿਆਨ ਭਾਵ ਸਰਲ ਤੇ ਸੌਖੇ ਸ਼ਬਦਾਂ ਦੀ ਵਰਤੋਂ ਕਰਕੇ ਡੂੰਘੇ ਅਰਥ ਬਿਆਨ ਕਰਨ ਦੀ ਕਲਹ) ਦਿੱਤਾ ਗਿਆ ਹਾਂ । ਕੋਈ ਨਹੀਂ ਜੋ ਇਸ ਦਾ ਮੁਕਾਬਲਾ ਕਰ ਸਕੇ ।

(2) ਮੈਂ ਕੁਰਆਨ ਸ਼ਰੀਫ਼ ਦੀ ਵੱਡਿਆਈ ਤੇ ਹਕੀਕਤਾਂ ਬਿਆਨ ਕਰਨ ਦਾ ਨਿਸ਼ਾਨ ਦਿੱਤਾ ਗਿਆ ਹਾਂ । ਕੋਈ ਨਹੀਂ ਜੋ ਇਸ ਦਾ ਮੁਕਾਬਲਾ ਕਰ ਸਕੇ ।

(3) ਮੈਂ ਅਧਿਕਤਰ ਦੁਆਵਾਂ ਦੀ ਪਰਵਾਨਗੀ ਦਾ ਚਮਤਕਾਰ ਦਿੱਤਾ ਗਿਆ ਹਾਂ । ਕੋਈ ਨਹੀਂ ਜੋ ਇਸ ਦਾ ਮੁਕਾਬਲਾ ਕਰ ਸਕੇ । ਮੈਂ ਕਸਮ ਖਾਕੇ ਕਹਿ ਸਕਦਾ ਹਾਂ ਕਿ ਮੇਰੀਆਂ ਲਗਭਗ ਤੀਹ ਹਜ਼ਾਰ ਦੁਆਵਾਂ ਕੁਬੂਲ ਹੋ ਚੁਕੀਆਂ ਹਨ ਅਤੇ ਉਹਨਾਂ ਦੇ ਸਬੂਤ ਮੇਰੇ ਕੋਲ ਹਨ ।

(4) ਮੈਂ ਗ਼ੈਬੀ ਖ਼ਬਰਾਂ ਦਾ ਚਮਤਕਾਰ ਦਿੱਤਾ ਗਿਆ ਹਾਂ । ਕੋਈ ਨਹੀਂ ਜੋ ਇਸ ਦਾ ਮੁਕਾਬਲਾ ਕਰ ਸਕੇ । ਇਹ ਰੱਬ ਦੀਆਂ ਗਵਾਹੀਆਂ ਮੇਰੇ ਕੋਲ ਹਨ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀਆਂ ਭਵਿੱਖਬਾਣੀਆਂ ਮੇਰੇ ਹੱਕ ਵਿੱਚ ਚਮਕਦੇ ਹੋਏ ਨਿਸ਼ਾਨਾਂ ਵਾਂਗ ਪੂਰੀਆਂ ਹੋਈਆਂ ਹਨ ।

ਆਸਮਾਂ ਬਾਰਦ ਨਿਸ਼ਾਨ ਅਲਵਕਤ ਮੀ ਗੋਇਦ ਜ਼ਮੀਂ ।
ਈਂ ਦੋ ਸ਼ਾਹਿਦ ਅਜ਼ ਪਏ ਤਸਦੀਕ ਮਨ ਉਸਤਾਦਹ ਅੰਦ ।

(ਅਰਥ : ਆਕਾਸ਼ਾਂ ਨੇ ਚਮਤਕਾਰ ਵਰਸਾਏ ਅਤੇ ਧਰਤੀ ਨੇ ਚੀਕ ਚੀਕ ਕੇ ਗਵਾਹੀ ਦਿੱਤੀ । ਇਹ ਦੋਵੇਂ ਮੇਰੇ ਪ੍ਰਮਾਣ ਲਈ ਖੜ੍ਹੇ ਹਨ । ਅਨੁਵਾਦਕ ।)

ਚਿਰ ਹੋਇਆ ਕੁਸੂਫ਼ੋ ਖ਼ੁਸੂਫ਼ (ਸੂਰਜ ਅਤੇ ਚੰਨ੍ਹ ਦਾ ਰੋਜ਼ਿਆਂ ਦੇ ਮਹੀਨਿ ਵਿੱਚ ਗ੍ਰਹਿਣ ਲਗਣਾ) ਰਮਜ਼ਾਨ ਵਿੱਚ ਹੋ ਗਿਆ । ਹੱਜ ਵੀ ਬੰਦ ਹੋਇਆ । ਹਦੀਸਾਂ ਅਨੁਸਾਰ ਦੇਸ਼ ਵਿੱਚ ਤਾਊਨ (ਪਲੇਗ) ਵੀ ਫੈਲੀ ਅਤੇ ਹੋਰ ਬਹੁਤ ਸਾਰੇ ਚਮਤਕਾਰ ਮੇਰੇ ਰਾਹੀਂ ਪ੍ਰਗਟ ਹੋਏ ਜਿਸਦੇ ਸੈਂਕੜੇ ਹਿੰਦੂ ਤੇ ਮੁਸਲਮਾਨ ਗਵਾਹ ਹਨ ਜਿੰਨ੍ਹਾ ਦਾ ਮੈਂ ਵਰਨਣ ਨਹੀਂ ਕੀਤਾ । ਇਹਨਾ ਸਾਰਿਆਂ ਕਾਰਣਾ ਕਰਕੇ ਮੈਂ ਇਮਾਮੁਜ਼ੱਮਾਂ (ਸਮੇਂ ਦਾ ਇਮਾਮ ਜਾਂ ਅਵਤਾਰ) ਹਾਂ । ਰੱਬ ਮੇਰੇ ਪੱਖ ਵਿੱਚ ਹੈ

ਅਤੇ ਉਹ ਮੇਰੇ ਲਈ ਇਕ ਤੇਜ਼ ਤਲਵਾਰ ਵਾਂਗ ਖੜਾ ਹੈ । ਮੈਨੂੰ ਖ਼ਬਰ ਦਿੱਤੀ ਗਈ ਹੈ ਕਿ ਜੋ ਸ਼ੇਖੀ (ਗ਼ੁਸਤਾਖੀ) ਨਾਲ ਮੇਰੇ ਮੁਕਾਬਲੇ'ਤੇ ਖੜਾ ਹੋਵੇਗਾ ਉਹ ਨਿਰਾਦਰ ਤੇ ਨਿਰਲਜ ਕੀਤਾ ਜਾਵੇ ਗਾ । ਦੇਖੋ ! ਮੈਂ ਉਹ ਆਦੇਸ਼ ਪਹੁੰਚਾ ਦਿੱਤਾ ਹੈ ਜੋ ਮੇਰੇ ਜਿੰਮੇ ਸੀ । ਇਹ ਗੱਲਾਂ ਮੈਂ ਆਪਣੀਆਂ ਕਿਤਾਬਾਂ ਵਿੱਚ ਕਈ ਵਾਰ ਲਿੱਖ ਚੁਕਾ ਹਾਂ ਪਰ ਜਿਸ ਘਟਨਾ ਨੇ ਮੈਨੂੰ ਇਹਨਾਂ ਗੱਲਾਂ ਦੇ ਮੁੜ ਲਿੱਖਣ ਦੀ ਪ੍ਰੇਰਣਾ ਦਿੱਤੀ ਉਹ ਮੇਰੇ ਇਕ ਮਿਤੱਰ ਦੀ ਇਜਤਿਹਾਦੀ (ਬਹੁਤ ਸੋਚ ਵਿਚਾਰ ਕੇ ਕਿਸੇ ਮਸਲੇ ਦਾ ਹਲ ਕੱਢਣਾ ) ਗ਼ਲਤੀ ਹੈ ਜਿਸਦੀ ਸੂਚਨਾ ਮਿਲਣ ਉਪਰੰਤ ਮੈਂ ਅਤਿਅੰਤ ਦਿਲ ਦੀ ਡੂੰਘਿਆਈ ਨਾਲ ਇਸ ਪੁਸਤਕ ਨੂੰ ਲਿੱਖਿਆ ਹੈ । ਇਹ ਘਟਨਾ ਇਸ ਪ੍ਰਕਾਰ ਹੈ ਕਿ ਇਹਨਾਂ ਦਿਨਾ ਵਿੱਚ ਅਰਥਾਤ ਸਤੰਬਰ 1898 ਈ. ਅਨੁਸਾਰ ਜੋ ਜਮਾਦੀ ਉਲ ਅਵੱਲ 1316 ਹੈ । ਮੇਰੇ ਇਕ ਮਿਤੱਰ ਜਿੰਨ੍ਹਾ ਨੂੰ ਮੈਂ ਇਕ ਨੇਕ, ਸਾਦਾ ਤੇ ਸੰਜਮੀ ਸਮਝਦਾ ਹਾਂ ਅਤੇ ਉਹਨਾਂ ਬਾਰੇ ਅਰੰਭ ਤੋਂ ਮੇਰਾ ਬਹੁਤ ਨੇਕ ਵਿਚਾਰ ਹੈ ਬਾਕੀ ਰੱਬ ਜਾਣਦਾ ਹੈ । ਪਰ ਕੁਝ ਵਿਚਾਰਾਂ ਦੀ ਗ਼ਲਤੀ ਵਿੱਚ ਪਿਆ ਹੋਇਆ ਸਮਝਦਾ ਹਾਂ ਅਤੇ ਉਸ ਗ਼ਲਤੀ ਦੀ ਸੱਟ ਨਾਲ ਉਹਨਾ ਬਾਰੇ ਸੰਦੇਹ ਵੀ ਰਹਿੰਦਾ ਹੈ । ਉਹ ਸਫ਼ਰ ਦੇ ਕਸ਼ਟ ਝੱਲ ਕੇ ਅਤੇ ਮੇਰੇ ਇਕ ਮਿਤੱਰ ਨੂੰ ਨਾਲ ਲੈਕੇ ਕਾਦੀਆਂ ਮੇਰੇ ਕੋਲ ਪਹੁੰਚੇ ਅਤੇ ਆਪਣੇ ਬਹੁਤ ਸਾਰੇ ਇਲਹਾਮ ਮੈਨੂੰ ਸੁਣਾਏ । ਇਸ ਨਾਲ ਮੈਨੂੰ ਬਹੁਤ ਖ਼ੁਸ਼ੀ ਹੋਈ ਕਿ ਰੱਬ ਨੇ ਉਹਨਾਂ ਨੂੰ ਇਲਹਾਮਾਂ ਦਾ ਬਲ ਬਖ਼ਸ਼ਿਆ ਹੋਇਆ ਹੈ । ਪਰ ਉਹਨਾ ਨੇ ਇਹਨਾ ਇਲਹਾਮਾਂ ਵਿੱਚ ਇਕ ਇਹ ਵੀ ਸੁਪਨਾ ਸੁਣਾਇਆ ਕਿ ਮੈਂ ਆਪ ਬਾਰੇ ਕਿਹਾ ਕਿ ਮੈਂ ਉਹਨਾਂ ਦੀ ਬੈਅਤ (ਦੀਖਿਅਤ ਹੋਣਾ) ਕਿਉਂ ਕਰਾਂ ਸਗੋਂ ਉਹਨਾ ਨੂੰ ਮੇਰੀ ਬੈਅਤ ਕਰਨੀ ਚਾਹੀਦੀ ਹੈ । ਇਸ ਸੁਪਨੇ ਨਾਲ ਪਤਾ ਲੱਗਾ ਕਿ ਉਹ ਮੈਨੂੰ ਮਸੀਹ ਮਉਦ ਨਹੀਂ ਮਨਦੇ । ਭਾਵ ਇਹ ਕਿ ਉਹ ਹਕੀਕੀ ਇਮਾਮਤ ਤੋਂ ਬੇਖ਼ਬਰ ਹਨ । ਇਸ ਲਈ ਮੇਰੀ ਹਮਦਰਦੀ ਨੇ ਇੱਛਾ ਕੀਤੀ ਕਿ ਮੈਂ ਉਹਨਾਂ ਲਈ ਹਕੀਕੀ ਇਮਾਮਤ ਦੇ ਹੱਕਾਂ ਨੂੰ ਬਿਆਨ ਕਰਾਂ । ਮੈਂ ਇਕ ਪੁਸਤਕ ਲਿਖਾਂ ਅਤੇ ਬੈਅਤ (ਦੀਖਿਅਤ ਹੋਣ) ਦੀ ਹਕੀਕਤ ਵਰਨਣ ਕਰਾਂ । ਇਸ ਲਈ ਮੈਂ

ਸੱਚੇ ਇਮਾਮ ਦੇ ਬਾਰੇ ਵਿੱਚ ਜਿਸਨੂੰ ਬੈਅਤ ਲੈਣ ਦਾ ਹੱਕ ਹੈ ਇਸ ਪੁਸਤਕ ਵਿੱਚ ਕੁਝ ਲਿੱਖ ਚੁਕਾ ਹਾਂ । ਰਹੀ ਹਕੀਕਤ ਬੈਅਤ ਦੀ, ਸੋ ਉਹ ਇਹ ਹੈ ਕਿ 'ਬੈਅਤ' ਦਾ ਸ਼ਬਦ 'ਬੈਅ' ਦਾ ਧਾਤੂ ਹੈ ਅਤੇ 'ਬੈਅ' ਉਸ ਆਪਸੀ ਰਜ਼ਾਮੰਦੀ ਦੇ ਮਾਮਲੇ ਨੂੰ ਕਹਿੰਦੇ ਹਨ ਜਿਸ ਵਿੱਚ ਇਕ ਚੀਜ਼ ਦੂਜੀ ਚੀਜ਼ ਦੇ ਬਦਲੇ ਵਿੱਚ ਦਿੱਤੀ ਜਾਂਦੀ ਹੈ । ਇਸ ਲਈ ਬੈਅਤ ਤੋਂ ਇਹ ਭਾਵ ਹੈ ਕਿ ਬੈਅਤ ਕਰਨ ਵਾਲਾ ਆਪਣੇ ਨਫ਼ਸ ਨੂੰ ਆਪਣੀਆਂ ਸਾਰੀਆਂ ਜ਼ਰੂਰਤਾਂ ਸਣੇ ਇਕ ਰਾਹਬਰ ਦੇ ਹੱਥ ਵਿਚ ਇਸ ਭਾਵਨਾ ਨਾਲ ਵੇਚੇ ਕਿ ਉਸਦੇ ਬਦਲੇ ਵਿੱਚ ਉਹ ਹਕੀਕੀ ਮਆਰਫ਼ ਅਤੇ ਸੰਪੂਰਨ ਬਰਕਤਾਂ ਪ੍ਰਾਪਤ ਕਰੇ ਜੋ ਮਆਰਫ਼ਤ ਤੇ ਮੁਕਤੀ ਦਾ ਸਬਬ ਹੋਵੇ ਅਤੇ ਰੱਬ ਦੀ ਰਜ਼ਾ ਨਾਲ ਹੋਣ । ਇਸ ਤੋਂ ਸਪਸ਼ਟ ਹੈ ਕਿ ਬੈਅਤ ਨਾਲ ਕੇਵਲ ਤੌਬਾ (ਪਸਚਾਤਾਪ) ਮਨਜ਼ੂਰ ਨਹੀਂ ਕਿਉਂਕਿ ਅਜਿਹੀ ਤੌਬਾ ਤਾਂ ਮਨੁੱਖ ਆਪ ਵੀ ਕਰ ਸਕਦਾ ਹੈ ਸਗੋਂ ਉਹ ਮਆਰਫ਼, ਬਰਕਤਾਂ ਤੇ ਨਿਸ਼ਾਨ ਮੰਤਵ ਹਨ ਜੋ ਹਕੀਕੀ ਤੌਬਾ ਵੱਲ ਪ੍ਰੇਰਦੇ ਹਨ । ਬੈਅਤ ਦਾ ਮੂਲ ਮੁਦੱਾ ਇਹ ਹੈ ਕਿ ਆਪਣੇ ਨਫ਼ਸ ਨੂੰ ਆਪਣੇ ਰਹਬਰ ਦੀ ਗ਼ੁਲਾਮੀ ਵਿੱਚ ਦੇਕੇ ਉਹ ਗਿਆਨ, ਮਆਰਫ਼ ਤੇ ਬਰਕਤਾਂ ਉਸਦੇ ਬਦਲੇ ਵਿੱਚ ਲਵੇ ਜਿੰਨ੍ਹਾ ਨਾਲ ਈਮਾਨ ਅਤੇ ਮਆਰਫ਼ ਵਧੇ ਅਤੇ ਰੱਬ ਨਾਲ ਚੰਗਾ ਸੰਬੰਧ ਪੈਦਾ ਹੋਵੇ । ਇਸੇ ਪ੍ਰਕਾਰ ਸੰਸਾਰਕ ਨਰਕ ਵਿੱਚੋਂ ਰਿਹਾ ਹੋਕੇ ਪਰਲੈ ਦੇ ਨਰਕ ਤੋਂ ਮੁਕਤੀ ਨਸੀਬ ਹੋਵੇ । ਸੰਸਾਰਕ ਨੇਤਰਹੀਨਤਾ ਤੋਂ ਸਵਸਥ ਹੋਕੇ ਅੰਤ ਦੀ ਨੇਤਰਹੀਨਤਾ ਤੋਂ ਵੀ ਅਮਨ ਪ੍ਰਾਪਤ ਹੋਵੇ । ਇਸ ਲਈ ਜੇਕਰ ਕੋਈ ਇਸ ਬੈਅਤ ਦੇ ਫਲ ਦੇਣ ਯੋਗ ਮਰਦ ਹੋਵੇ ਤਾਂ ਇਹ ਅਨਿਆਏ ਹੋਵੇਗਾ ਕਿ ਕੋਈ ਮਨੁੱਖ ਜਾਣ ਬੁਝ ਕੇ ਉਸਤੋਂ ਮੂੰਹ ਫ਼ੇਰੇ । ਮੇਰੇ ਪਿਆਰਿਓ !! ਅਸੀਂ ਤਾਂ ਮਆਰਫ਼, ਹਕਾਇਕ (ਸਚੱਾਈਆਂ) ਤੇ ਆਕਾਸ਼ੀ ਬਰਕਤਾਂ ਦੇ ਭੁੱਖੇ ਤੇ ਪਿਆਸੇ ਹਾਂ ਇਕ ਸਾਗਰ ਪੀ ਕੇ ਵੀ ਰੱਜ ਨਹੀਂ ਸਕਦੇ । ਇਸ ਲਈ ਜੇਕਰ ਕੋਈ ਸਾਨੂੰ ਆਪਣੀ ਗ਼ੁਲਾਮੀ ਵਿੱਚ ਲੈਣਾ ਚਾਹੇ ਤਾਂ ਇਹ ਬਹੁਤ ਹੀ ਸੌਖਾ ਢੰਗ ਹੈ ਕਿ ਬੈਅਤ ਦੇ ਮੰਤਵ ਤੇ ਉਸਦੀ ਅਸਲ ਫ਼ਲਾਸਫ਼ੀ ਨੂੰ ਮਨ ਵਿੱਚ ਰੱਖ ਕੇ ਇਹ ਲੈਣ ਦੇਣ ਕਰ ਲਵੇ । ਅਤੇ ਜੇਕਰ ਉਸਦੇ ਕੋਲ ਅਜਿਹੀਆਂ ਹਕੀਕਤਾਂ,

ਮਆਰਫ਼ ਤੇ ਆਕਾਸ਼ੀ ਬਰਕਤਾਂ ਹੋਣ ਜੋ ਸਾਨੂੰ ਨਹੀਂ ਦਿੱਤੀਆਂ ਗਈਆਂ ਜਾਂ ਉਸ ਉਪੱਰ ਕੁਰਆਨ ਕਰੀਮ ਦੇ ਉਹ ਗਿਆਨ ਖੋਲੇ ਗਏ ਹੋਣ ਜੋ ਸਾਡੇ ਉਪੱਰ ਨਹੀਂ ਖੋਲੇ ਗਏ ਤਾਂ ਬਿਸਮਿਲੱਾਹ, ਉਹ ਬਜ਼ੁਰਗ ਸਾਡੀ ਗ਼ੁਲਾਮੀ ਤੇ ਆਗਿਆਕਾਰੀ ਦਾ ਹੱਥ ਲੈ ਲਵੇ ਅਤੇ ਰੂਹਾਨੀ ਮਆਰਫ਼, ਕੁਰਆਨ ਕਰੀਮ ਦੀਆਂ ਹਕੀਕਤਾਂ ਅਤੇ ਆਕਾਸ਼ੀ ਬਰਕਤਾਂ ਸਾਨੂੰ ਦੇ ਦੇਵੇ । ਮੈਂ ਤਾਂ ਬਹੁਤਾ ਕਸ਼ਟ ਦੇਣਾ ਹੀ ਨਹੀਂ ਚਾਹੁੰਦਾ ਸਾਡੇ ਮੁਲਹਿਮ (ਇਲਹਾਮ ਪਾਉਣ ਵਾਲੇ) ਮਿਤੱਰ ਕਿਸੇ ਇਕ ਜਲਸੇ ਵਿੱਚ ਸੂਰਤ ਅਖ਼ਲਾਸ ਦੀਆਂ ਹੀ ਕਹੀਕਤਾਂ ਤੇ ਮਆਰਫ਼ ਬਿਆਨ ਕਰ ਦੇਣ ਜਿਸ ਤੋਂ ਹਜ਼ਾਰ ਗੁਣ ਵੱਧ ਕੇ ਅਸੀਂ ਬਿਆਨ ਨਾ ਕਰ ਸਕੀਏ ਤਾਂ ਅਸੀਂ ਉਹਨਾ ਦੇ ਆਗਿਅਕਾਰੀ ਹੋਵਾਂ ਗੇ ।

ਨਦਾਰਦ ਕਸੇ ਬਾ ਤੂ ਨਾ ਗੁਫ਼ਤਹ ਕਾਰ ।
ਉ ਲੇਕਿਨ ਚੂ ਗੁਫ਼ਤੀ ਦਲੀਲਸ਼ ਬਯਾਰ ।

ਇਸ ਲਈ ਜੇਕਰ ਆਪ ਦੇ ਕੋਲ ਉਹ ਹਕਾਇਕ, ਮਆਰਫ਼ ਤੇ ਬਰਕਤਾਂ ਹਨ ਜੋ ਚਮਤਕਾਰ ਦਾ ਪ੍ਰਭਾਵ ਆਪਣੇ ਅੰਦਰ ਰੱਖਦੇ ਹਨ ਤਾਂ ਫਿਰ ਮੈਂ ਕੀ ਮੇਰੀ ਸਾਰੀ ਜਮਾਤ ਆਪਦੀ ਬੈਅਤ ਕਰੇਗੀ । ਕੋਈ ਅਤਿਅੰਤ ਬਦਜ਼ਾਤ ਹੋਵੇਗਾ ਜੋ ਅਜਿਹਾ ਨਾ ਕਰੇ । ਪਰ ਮੈਂ ਕੀ ਆਖਾਂ ਅਤੇ ਕੀ ਲਿੱਖਾਂ ਮੁਆਫ਼ੀ ਮੰਗ ਕੇ ਕਹਿੰਦਾ ਹਾਂ ਕਿ ਜਿਸ ਸਮੇਂ ਆਪਦੇ ਲਿੱਖੇ ਹੋਏ ਇਲਹਾਮ ਸੁਣੇ ਸਨ ਉਹਨਾਂ ਵਿੱਚ ਵੀ ਕਈ ਥਾਈਂ ਸਰਫ਼ੀ ਤੇ ਨਹਵੀ ( ਵਿਆਕਰਣ ਦਾ ਉਹ ਭਾਗ ਜਿਸ ਵਿੱਚ ਸ਼ਬਦਾਂ ਅਤੇ ਵਾਕਾਂ ਦੇ ਸੰਬੰਧ ਅਤੇ ਉਹਨਾਂ ਦੀ ਬਣਤਰ ਦਾ ਗਿਆਨ ਹੁੰਦਾ ਹੈ ।) ਗਲਤੀਆਂ ਸਨ । ਆਪ ਨਾਰਾਜ਼ ਨਾ ਹੋਵੋ ਮੈਂ ਕੇਵਲ ਨੇਕ ਨੀਤੀ ਨਾਲ ਤੇ ਮੁਫ਼ਲਿਸੀ ਨਾਲ ਧਾਰਮਕ ਨਸੀਹਤ ਦੇ ਰੂਪ ਵਿੱਚ ਵਰਨਣ ਕਰ ਦਿੱਤਾ ਹੈ । ਇਹੋ ਕਾਰਣ ਹੈ ਕਿ ਮੇਰੇ ਅਨੁਸਾਰ ਇਲਹਾਮਾਂ ਵਿੱਚ ਕਿਸੇ ਅਗਿਆਨੀ ਤੇ ਅਨਜਾਣ ਦੇ ਇਲਹਾਮੀ ਵਾਕਾਂ ਵਿੱਚ ਨਹਵੀ ਸਰਫ਼ੀ ਗ਼ਲਤੀ ਹੋ ਜਾਏ ਤਾਂ ਇਲਹਾਮ ਦਾ ਵਿਸ਼ਾ ਖੰਡਨ ਯੋਗ ਨਹੀਂ ਹੋ ਸਕਦਾ । ਇਹ ਇਕ ਅਤਿਅੰਤ ਸੂਖਮ ਮਸਲਾ ਹੈ ਅਤੇ ਵੱਡਾ ਵਿਸਥਾਰ ਲੋੜਦਾ ਹੈ ਜਿਸਦਾ ਇਸ ਸਮੇਂ

ਮੌਕਾ ਨਹੀਂ ਹੈ । ਜੇਕਰ ਅਜਿਹੀਆਂ ਗ਼ਲਤੀਆਂ ਸੁਣਕੇ ਕੋਈ ਖੁਸ਼ਕ ਮੁਲੱਾ ਜੋਸ਼ ਵਿੱਚ ਆ ਜਾਵੇ ਤਾਂ ਉਹ ਵੀ ਵਿਵਸ਼ ਹੈ ਕਿਉਂਕਿ ਰੂਹਾਨੀ ਫ਼ਲਾਸਫ਼ੀ ਦੀਆਂ ਗਲੀਆਂ ਵਿੱਚ ਉਸਨੂੰ ਦਖ਼ਲਾ ਨਹੀਂ । ਇਹ ਨਿਮਨ ਦਰਜੇ ਦਾ ਇਲਹਾਮ ਅਖਵਾਉਂਦਾ ਹੈ ਜੋ ਰੱਬ ਦੇ ਨੂਰ ਦੀ ਪੂਰਨ ਚਮਤਕਾਰ ਦੇ ਰੰਗ ਨਾਲ ਰੰਗਿਆ ਨਹੀਂ ਹੁੰਦਾ ਕਿਉਂਕਿ ਇਲਹਾਮ ਤਿੰਨਾਂ ਦਰਜਿਆਂ ਦਾ ਹੁੰਦਾ ਹੈ, ਨਿਮਨ, ਮੱਧ ਤੇ ਉੱਚ । ਬਹਿਰ ਹਾਲ ਮੈਂਨੂੰ ਉਹਨਾਂ ਗਲਤੀਆਂ ਨਾਲ ਸ਼ਰਮਿੰਦਿਆਂ ਹੋਣਾ ਪਿਆ ਅਤੇ ਮੈਂ ਆਪਣੇ ਮਨ ਵਿੱਚ ਦੁਆ ਕਰਦਾ ਸੀ ਕਿ ਮੇਰਾ ਮਾਣਯੋਗ ਮਿਤੱਰ ਕਿਸੇ ਉਪਦ੍ਰੱਵੀ ਖੁਸ਼ਕ ਮੁਲੱਾ ਨੂੰ ਇਹ ਇਲਹਾਮ ਜੋ ਕਿ ਖੰਡਨ ਯੋਗ ਹਨ ਨਾ ਸੁਣਾ ਦੇਣ ਕਿ ਉਹ ਖ਼ਾਮਖ਼ਵਾਹ ਹਾਸਾ ਠੱਠਾ ਕਰੇਗਾ । ਜੋ ਇਲਹਾਮ ਹਕਾਇਕ ਮਆਰਫ਼ ਤੋਂ ਖਾਲੀ ਅਤੇ ਗਲਤੀਆਂ ਨਾਲ ਵੀ ਭਰਿਆ ਹੋਵੇ ਕਿਸੇ ਅਨੁਕੂਲ ਜਾਂ ਮੁਖ਼ਾਲਫ਼ ਨੂੰ ਲਾਭ ਨਹੀਂ ਪਹੁੰਚਾ ਸਕਦਾ, ਵਿਸ਼ੇਸ਼ ਕਰਕੇ ਇਸ ਯੁੱਗ ਵਿੱਚ । ਸਗੋਂ ਲਾਭ ਦੀ ਬਜਾਏ ਹਾਣ ਦਾ ਸੰਦੇਹ ਹੈ । ਮੈਂ ਈਮਾਨ ਤੇ ਸਚੱਾਈ ਨਾਲ ਕਸਮ ਖਾਕੇ ਕਹਿੰਦਾ ਹਾਂ ਕਿ ਇਹ ਗੱਲ ਪੂਰਨ ਰੂਪ ਵਿੱਚ ਸੱਚ ਹੈ । ਮੇਰੇ ਪਿਆਰੇ ਮਿਤੱਰ ਤਵੱਜਹ ਇਲੱਲਾਹ ਵੱਲ ਬਹੁਤ ਤਰੱਕੀ ਕਰਨ[4] । ਜਿਵੇਂ ਜਿਵੇਂ ਦਿਲ ਦੀ ਸਫ਼ਾਈ ਵਧੇਗੀ ਅਜਿਹਾ ਹੀ ਇਲਹਾਮ ਵਿੱਚ ਸਫ਼ਾਈ ਤੇ ਵਿਸਥਾਰ ਵਧੇਗਾ । ਇਹੋ ਭੇਦ ਹੈ ਕੁਰਆਨ ਕਰੀਮ ਦੀ ਵਹੀ ਵਿੱਚ ਜੋ ਦੂਸਰੇ ਸਾਰਿਆਂ ਨਬੀਆਂ ਦੀਆਂ ਵਹੀਆਂ ਨਾਲੋਂ ਮਆਰਫ਼, ਵਿਸਥਾਰ ਤੇ ਗਿਆਨ ਵਿੱਚ ਵੀ ਵੱਧਕੇ ਹਨ ਕਿਉਂਕਿ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਸਭ ਤੋਂ ਵੱਧ ਕੇ ਦਿਲ ਦੀ ਸਫ਼ਾਈ ਦਿੱਤੀ ਗਈ ਸੀ । ਇਸ ਲਈ ਉਹ ਵਹੀ ਅਰਥਾਂ ਦੇ ਪੱਖੋਂ ਮਆਰਫ਼ ਦੇ ਰੂਪ ਵਿੱਚ ਅਤੇ ਸ਼ਬਦਾਂ ਦੇ ਪੱਖੋਂ ਗਿਆਨ ਤੇ ਵਿਸਥਾਰ ਦੇ ਰੂਪ ਵਿੱਚ ਪ੍ਰਗਟ ਹੋਈਆਂ । ਮੇਰੇ ਮਿਤੱਰ ਇਹ ਵੀ ਚੇਤੇ ਰੱਖਣ ਕਿ ਜਿਵੇਂ ਕਿ ਮੈਂ

[4] ਮੇਰਾ ਵਿਸ਼ਵਾਸ ਹੈ ਕਿ ਜੇਕਰ ਇਹ ਮਾਣਯੋਗ ਮਿਤੱਰ ਬਹੁਤੀ ਤਵਜੱਹ ਕਰਨਗੇ ਤਾਂ ਛੇਤੀ ਹੀ ਉਹਨਾਦੇ ਇਲਹਾਮਾਂ ਵਿੱਚ ਇਕ ਪੂਰਨਤਾ ਦਾ ਰੰਗ ਪੈਦਾ ਹੋ ਜਾਵੇਗਾ ।

ਬਿਆਨ ਕੀਤਾ ਹੈ ਕਿ 'ਬੈਅਤ' ਇਕ ਖ਼ਰੀਦ ਫ਼ਰੋਖ਼ਤ (ਲੈਣ ਦੇਣ ) ਦਾ ਮਾਮਲਾ ਹੈ । ਮੈਂ ਹਲਫ਼ੀਆ ਕਹਿੰਦਾ ਹਾਂ ਕਿ ਜਿਵੇਂ ਮੇਰੇ ਮਿਤੱਰ ਫ਼ਾਜ਼ਲ ਮੌਲਵੀ ਅਬਦੁਲ ਕਰੀਮ ਸਾਹਬ ਪਰਵਚਨਾਂ ਸਮੇਂ ਕੁਰਆਨ ਸ਼ਰੀਫ ਦੀਆਂ ਹਕੀਕਤਾਂ ਤੇ ਮਆਰਫ਼ ਬਿਆਨ ਕਰਦੇ ਹਨ ਮੈਂਨੂੰ ਉਕੱਾ ਹੀ ਆਸ ਨਹੀਂ ਕਿ ਉਸਦਾ ਹਜ਼ਾਰਵਾਂ ਭਾਗ ਵੀ ਮੇਰੇ ਮਾਣਯੋਗ ਮਿਤੱਰ ਦੇ ਮੂੰਹ ਵਿੱਚੋਂ ਨਿਕਲ ਸਕਣ । ਉਸਦਾ ਇਹੋ ਕਾਰਣ ਹੈ ਕਿ ਇਲਹਾਮੀ ਢੰਗ ਅਜੇ ਨਾਕਸ ਅਤੇ ਕਿਸੇ ਵੀ ਤਰ੍ਹਾਂ ਪੂਰਨਤਾ ਨਕਾਰਾ । ਪਤਾ ਨਹੀਂ ਕਿਸੇ ਖੋਜਕਾਰ ਤੋਂ ਕੁਰਆਨ ਕਰੀਮ ਸੁਨਣ ਦਾ ਵੀ ਹੁਣ ਤੱਕ ਮੌਕਾ ਹੋਇਆ ਜਾਂ ਨਹੀਂ[5] । ਆਪ ਰੱਬ ਕਰਕੇ ਨਾਰਾਜ਼ ਨਾ ਹੋਣਾ, ਆਪਨੇ ਹੁਣ ਤੱਕ ਬੈਅਤ ਦੀ ਹਕੀਕੀਤ ਨੂੰ ਸਮਝਿਆ ਨਹੀਂ ਕਿ ਇਸ ਵਿੱਚ ਕੀ ਦਿੰਦੇ ਹਾਂ ਅਤੇ ਕੀ ਲੈਂਦੇ ਹਾਂ । ਸਾਡੀ ਜਮਾਤ ਵਿੱਚ ਮੇਰੀ ਬੈਅਤ ਕਰਨ ਵਾਲੇ ਰੱਬ ਦੇ ਬੰਦਿਆਂ ਵਿੱਚੋਂ ਇਕ ਮਰਦ ਹਨ ਜੋ ਪ੍ਰਤਾਪੀ ਤੇ ਪ੍ਰਤਿਸ਼ਠਿਤ ਹਨ ਅਤੇ ਉਹ ਮੌਲਵੀ ਹਾਫ਼ਜ਼ ਹਾਜੀ ਨੂਰੁੱਦੀਨ ਸਾਹਬ ਹਨ ਜੋ ਹਰ ਪ੍ਰਕਾਰ ਦੀਆਂ ਤਫ਼ਸੀਰਾਂ ਆਪਣੇ ਕੋਲ ਰੱਖਦੇ ਹਨ ਅਤੇ ਅਜਿਹਾ ਹੀ ਉਹਨਾਂ ਦੇ ਦਿਲ ਵਿੱਚ ਕੁਰਆਨੀ ਮਆਰਫ਼ (ਅਧਿਆਤਮਕਤਾ) ਦਾ ਭੰਡਾਰ ਹੈ । ਜੇਕਰ ਆਪਨੂੰ ਬੈਅਤ ਲੈਣ ਹੱਕ ਦਿੱਤਾ ਗਿਆ ਹੈ ਤਾਂ ਕੁਰਆਨ ਕਰੀਮ ਦਾ ਸਿਪਾਰਹ (ਇਕ ਭਾਗ) ਉਹਨਾਂ ਨੂੰ

---

5 ਅਸੀਂ ਇਨਕਾਰ ਨਹੀਂ ਕਰਦੇ ਕਿ ਆਪ ਉਪੱਰ ਖ਼ੁਦਾਦਾਦ ਸੋਮੇਂ ਖੁੱਲ ਜਾਣ । ਪਰ ਅਜੇ ਤਾਂ ਨਹੀਂ । ਸੁਪਨਿਆਂ ਤੇ ਸੁਵਪੱਨ ਦ੍ਰਿਸ਼ਾਂ ਉਪੱਰ ਰੂਪਕ ਤੇ ਕਲਪਿਤ ਗੱਲਾਂ ਗ਼ਾਲਬ ਹੁੰਦੀਆਂ ਹਨ, ਪਰ ਆਪਨੇ ਆਪਣੇ ਸੁਪਨਿਆਂ ਨੂੰ ਹਕੀਕਤ ਦੀ ਸਾਨ੍ਹ ਚਾੜ੍ਹ ਲਈ ਹੈ । ਮੁਜੱਦਿਦ ਸਾਹਬ ਸਰਹਿੰਦੀ ਨੇ ਆਪਣੇ ਕਸ਼ਫ਼ (ਸੁਵਪੱਨ ਦ੍ਰਿਸ਼) ਵਿੱਚ ਦੇਖਿਆ ਸੀ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਉਹਨਾਂ ਦੇ ਫ਼ਲਸਵਰੂਪ ਖਲੀਲੁਲੱਾਹ ਦਾ ਮਰਤਬਾ ਮਿਲਿਆ ਅਤੇ ਇਸ ਤੋਂ ਵੀ ਵੱਧ ਕੇ ਸ਼ਾਹ ਵਲੀਉਲੱਾਹ ਸਾਹਬ ਨੇ ਦੇਖਿਆ ਸੀ ਕਿ ਸੰਭਵਤਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਉਹਨਾਂ ਦੇ ਹੱਥ ਉਪੱਰ ਬੈਅਤ ਕੀਤੀ ਹੈ। ਪਰ ਉਹਨਾਂ ਨੇ ਗਿਆਨ ਦੇ ਵਿਸਥਾਰ ਦੇ ਸਬਬ ਉਹ ਵਿਚਾਰ ਨਾ ਕੀਤਾ ਜੋ ਆਪ ਨੇ ਕੀਤਾ ਹੈ । ਸਗੋਂ ਪੈਰ੍ਹਵੀ ਕੀਤੀ ।

ਹੀ ਅਧਿਆਤਮਕਤਾ ਤੇ ਸਚੱਾਈ ਨਾਲ ਪੜ੍ਹਾ ਦੇਣ । ਇਹ ਲੋਕ ਦੀਵਾਨੇ ਜਾਂ ਮੂਰਖ ਤਾਂ ਨਹੀਂ ਕਿ ਉਹਨਾਂ ਨੇ ਮੇਰੀ ਹੀ ਬੈਅਤ ਕਰ ਲਈ ਅਤੇ ਦੂਸਰੇ ਮੁਲਹਿਮਾਂ ਨੂੰ ਛੱਡ ਦਿੱਤਾ । ਜੇਕਰ ਆਪ ਹਜ਼ਰਤ ਮੌਲਵੀ ਸਾਹਬ ਦੀ ਪੈਰ੍ਹਵੀ ਕਰਦੇ ਤਾਂ ਆਪ ਲਈ ਚੰਗਾ ਹੁੰਦਾ । ਆਪ ਸੋਚੋ ਤੇ ਵਿਚਾਰ ਕਰੋ ਕਿ ਉਪਰੋਕਤ ਵਰਨਣ ਵਿਦਵਾਨ ਸਾਹਬ ਜੋ ਘਰਬਾਰ ਤਿਆਗ ਕੇ ਮੇਰੇ ਕੋਲ ਆ ਬੈਠੇ ਹਨ ਅਤੇ ਕੱਚੇ ਕੋਠਿਆਂ ਵਿੱਚ ਕਸ਼ਟ ਨਾਲ ਜੀਵਨ ਬਤੀਤ ਕਰ ਰਹੇ ਹਨ ਕੀ ਉਹ ਬਿਨਾਂ ਕਿਸੇ ਗੱਲ ਦੇ ਦੇਖੇ ਜਾਣ ਬੁਝ ਕੇ ਇਸ ਕਸ਼ਟ ਨੂੰ ਝੱਲ ਰਹੇ ਹਨ ? ਸਾਡੇ ਸਜੱਣ ਤੇ ਮਿਤੱਰ ਮੁਲਹਿਮ ਸਾਹਬ ਚੇਤੇ ਰੱਖਣ ਕਿ ਉਹ ਉਹਨਾਂ ਵਿਚਾਰਾਂ ਵਿੱਚ ਅਤਿਅੰਤ ਵੱਡੀ ਗਲਤੀ ਵਿੱਚ ਹਨ ਕਿ ਜੇਕਰ ਉਹ ਆਪਣੀ ਇਲਹਾਮੀ ਸ਼ਕਤੀ ਤੋਂ ਪਹਿਲਾਂ ਮੌਲਵੀ ਸਾਹਬ ਨੂੰ ਕੁਰਆਨੀ ਗਿਆਨ ਦਾ ਨਮੂਨਾ ਦਿਖਾ ਦੇਣ ਅਤੇ ਇਹਨਾਂ ਚਮਤਕਾਰਾਂ ਦੀ ਚਮਕਾਰ ਨਾਲ ਨੂਰੁਦੀਨ ਜਿਹੇ ਆਸ਼ਿਕੇ ਕੁਰਆਨ ਦੀ ਬੈਅਤ ਲੈ ਲੈਣ ਤਾਂ ਫਿਰ ਮੇਰੀ ਸਾਰੀ ਜਮਾਤ ਆਪ'ਤੇ ਕੁਰਬਾਨ ਹੈ । ਕੀ ਕੁਝ ਅਣਪਛਾਤੇ ਇਲਹਾਮੀ ਵਾਕਾਂ ਨਾਲ ਕਿ ਉਹ ਵੀ ਅਧਿਕਤਰ ਸਹੀ ਨਹੀ ਇਹ ਮਰਤਬਾ ਹਾਸਲ ਹੋ ਸਕਦਾ ਹੈ ਕਿ ਮਨੁੱਖ ਆਪਣੇ ਆਪਨੂੰ ਸਮੇਂ ਦਾ ਇਮਾਮ ਵਿਚਾਰ ਕਰ ਲਏ । ਪਿਆਰੇ ਸਜੱਣ ! ਸਮੇਂ ਦੇ ਇਮਾਮ ਲਈ ਹੋਰ ਵੀ ਅਨੇਕਾਂ ਸ਼ਰਤਾਂ ਹਨ ਫਿਰ ਹੀ ਤਾਂ ਉਹ ਸਾਰੇ ਜਹਾਨ ਦਾ ਮੁਕਾਬਲਾ ਕਰ ਸਕਦਾ ਹੈ ।

ਹਜ਼ਾਰ ਨੁਕਤਾਏ ਬਾਰੀਕ ਤਰ ਜ਼ਮੂ ਈਂਜਾਸਤ ।
ਨ ਹਰ ਕਿ ਸਰ ਬਤਰਾਸ਼ਦ ਕਲੰਦਰੀ ਦਾਨਦ ।

ਮੇਰੇ ਮੁਲਹਿਮ ਸਜੱਣ ! ਇਸ ਧੋਖੇ ਵਿੱਚ ਨਾ ਰਹਿਣ ਕਿ ਉਹਨਾਂ'ਤੇ ਇਲਹਾਮੀ ਵਾਕ ਅਧਿਕਤਰ ਉਤਰਦੇ ਹਨ, ਮੈਂ ਸੱਚ ਸੱਚ ਕਹਿੰਦਾ ਹਾਂ ਕਿ ਮੇਰੀ ਜਮਾਤ ਵਿੱਚ ਇਸ ਪ੍ਰਕਾਰ ਦੇ ਮੁਲਹਿਮ ਇੰਨ੍ਹੇ ਹਨ ਕਿ ਕਈਆਂ ਦੇ ਇਲਹਾਮਾਂ ਦੀ ਇਕ ਪੁਸਤਕ ਬਣਦੀ ਹੈ । ਸਯੱਦ ਅਮੀਰ ਅਲੀ ਸ਼ਾਹ ਹਰ ਹਫ਼ਤੇ ਕੁਝ

ਇਲਹਾਮਾਂ ਦਾ ਇਕ ਪੰਨਾ ਭੇਜਦੇ ਹਨ ਅਤੇ ਕਈ ਇਸਤਰੀਆਂ ਵੀ ਮੇਰੀ ਪੁਸ਼ਟੀ ਕਰਦੀਆਂ ਹਨ ਜਿੰਨ੍ਹਾ ਨੇ ਇਕ ਅਖੱਰ ਵੀ ਅਰਬੀ ਦਾ ਨਹੀਂ ਪੜ੍ਹਿਆ ਅਤੇ ਅਰਬੀ ਵਿੱਚ ਇਲਹਾਮ ਹੁੰਦਾ ਹੈ । ਮੈਂ ਅਤਿਅੰਤ ਹੈਰਾਨ ਹਾਂ ਕਿ ਆਪਦੀ ਤੁਲਨਾ ਵਿੱਚ ਉਸਦੇ ਇਲਹਾਮ ਵਿੱਚ ਗ਼ਲਤੀ ਘੱਟ ਹੁੰਦੀ ਹੈ । 28 ਸਤੰਬਰ 1898 ਈ. ਨੂੰ ਉਹਨਾਂ ਦੇ ਕੁਝ ਇਲਹਾਮ ਮੈਨੂੰ ਚਿੱਠੀ ਰਾਹੀਂ ਉਹਨਾਂ ਦੇ ਭਾਈ ਫ਼ਤਿਹ ਮੁਹਮੱਦ ਬੁਜ਼ਦਾਰ ਰਾਹੀਂ ਮਿਲੇ । ਅਜਿਹਾ ਹੀ ਕਈ ਮੁਲਹਮ ਸਾਡੀ ਜਮਾਤ ਵਿੱਚ ਮਜੂਦ ਹਨ । ਇਕ ਲਹੌਰ ਵਿੱਚ ਹੀ ਰਹਿੰਦੇ ਹਨ । ਪਰ ਕੀ ਅਜਿਹੇ ਇਲਹਾਮਾਂ ਨਾਲ ਕੋਈ ਮਨੁੱਖ ਇਮਾਮੁਜ਼ੱਮਾਂ (ਸਮੇਂ ਦੇ ਇਮਾਮ) ਦੀ ਬੈਅਤ ਤੋਂ ਮੁਕਤ ਹੋ ਸਕਦਾ ਹੈ । ਮੈਨੂੰ ਤਾਂ ਕਿਸੇ ਦੀ ਬੈਅਤ ਨਾਲ ਉਜ਼ਰ ਨਹੀਂ ਪਰ ਬੈਅਤ ਦਾ ਉਦੇਸ਼ ਰੂਹਾਨੀ ਗਿਆਨ ਵਿੱਚ ਵਾਧਾ ਤੇ ਈਮਾਨ ਦੀ ਮਜ਼ਬੂਤੀ ਹੈ । ਹੁਣ ਦੱਸੋ ਕਿ ਆਪ ਬੈਅਤ ਵਿੱਚ ਕਿਹੜੇ ਕਿਹੜੇ ਗਿਆਨ ਸਿਖਾਓਗੇ ਅਤੇ ਕਿਹੜੇ ਕੁਰਆਨੀ ਹਕਾਇਕ ਬਿਆਨ ਕਰੋਗੇ । ਆਪਜੀ ਆਓ ਅਤੇ ਇਮਾਮਤ ਦੇ ਜੌਹਰ (ਚਮਤਕਾਰ) ਦਿਖਾਓ ਅਸੀਂ ਸਾਰੇ ਬੈਅਤ ਕਰਦੇ ਹਾਂ ।

ਹਜ਼ਰਤੇ ਨਾਸਿਹ ਗਰ ਆਏਂ ਦੀਦਹ ਵ ਦਿਲ ਫ਼ਰਸ਼ੇ ਰਾਹ ।
ਪਰ ਕੋਈ ਮੁਝਕੋ ਤੋ ਸਮਝਾਏ ਕਿ ਸਮਝਾਏਂਗੇ ਕਿਆ ।

ਮੈਂ ਡੰਕੇ ਦੀ ਆਵਾਜ਼ ਨਾਲ ਕਹਿ ਰਿਹਾ ਹਾਂ ਕਿ ਜੋ ਕੁਝ ਰੱਬ ਨੇ ਮੈਨੂੰ ਬਖ਼ਸ਼ਿਆ ਹੈ ਉਹ ਸਭ ਇਮਾਮਤ ਦੇ ਨਿਸ਼ਾਨ ਵੱਜੋਂ ਹੈ । ਜੋ ਮਨੁੱਖ ਇਮਾਮਤ ਦੇ ਇਹਨਾ ਨਿਸ਼ਾਨਾ ਨੂੰ ਦਿਖਾਏ ਅਤੇ ਸਾਬਤ ਕਰੇ ਕਿ ਉਹ ਅਧਿਆਤਮਕਤਾ ਵਿੱਚ ਮੈਥੋਂ ਵੱਧ ਕੇ ਹੈ ਮੈਂ ਉਸਦੇ ਹੱਥ ਵਿੱਚ ਬੈਅਤ ਕਰਨ ਲਈ ਤਿਆਰ ਹਾਂ । ਪਰ ਰੱਬ ਦੇ ਵਾਦਿਆਂ ਵਿੱਚ ਤਬਦੀਲੀ ਨਹੀਂ, ਉਸਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ । ਅੱਜ ਤੋਂ ਲਗਭਗ ਵੀਹ ਵਰ੍ਹੇ ਪਹਿਲਾਂ 'ਬ੍ਰਾਹੀਨ ਅਹਮਦੀਆ' ਵਿੱਚ ਇਹ ਇਲਹਾਮ ਦਰਜ ਹੈ :

الرَّحْمَنُ. عَلَّمَ الْقُرْآنَ. تُنْذِرَ قَوْمًا مَا أُنْذِرَ آبَاؤُهُمْ وَلِتَسْتَبِينَ سَبِيلُ الْمُجْرِمِينَ. قُلْ إِنِّي أُمِرْتُ وَأَنَا أَوَّلُ الْمُؤْمِنِينَ

ਇਸ ਇਲਹਾਮ ਦੇ ਪੱਖੋਂ ਰੱਬ ਨੇ ਮੈਂਨੂੰ ਕੁਰਆਨ ਕਰੀਮ ਦੇ ਗਿਆਨ ਬਖ਼ਸ਼ੇ ਹਨ ਅਤੇ ਮੇਰਾ ਨਾਂ ਅਵੱਲੁਲ ਮੋਮਿਨੀਨ ਰਖਿੱਆ । ਮੈਂਨੂੰ ਸਾਗਰ ਵਾਂਗ ਮਆਰਫ਼ (ਅਧਿਆਤਮਕ ਗਿਆਨ)ਤੇ ਸੱਚਾਈਆਂ ਨਾਲ ਭਰ ਦਿੱਤਾ ਹੈ ਅਤੇ ਮੈਂਨੂੰ ਵਾਰ ਵਾਰ ਇਲਹਾਮ ਦਿੱਤਾ ਗਿਆ ਹੈ ਕਿ ਇਸ ਯੁੱਗ ਵਿੱਚ ਕੋਈ ਮਆਰਫ਼ਤੇ ਇਲਾਹੀ ਤੇ ਕੋਈ ਮੁਹਬੱਤੇ ਇਲਾਹੀ ਤੇਰੀ ਮਆਰਫ਼ਤ ਤੇ ਮੁਹਬੱਤ ਦੇ ਬਰਾਬਰ ਨਹੀਂ । ਇਸ ਲਈ ਰੱਬ ਖ਼ਾਤਰ ਮੈਂ ਕੁਸ਼ਤੀ ਦੇ ਮੈਦਾਨ ਵਿੱਚ ਖੜਾ ਹਾਂ ਜੋ ਮਨੁੱਖ ਮੈਂਨੂੰ ਕੁਬੂਲ ਨਹੀਂ ਕਰਦਾ ਛੇਤੀ ਹੀ ਉਹ ਮਰਨ ਉਪਰੰਤ ਸ਼ਰਮਿੰਦਿਆਂ ਹੋਵੇਗਾ ਅਤੇ ਹੁਣ ਰੱਬ ਦੇ ਤਰਕ ਹੇਠ ਹੈ । ਹੇ ਮਿਤੱਰ ! ਕੋਈ ਕੰਮ ਦੁਨੀਆ ਦਾ ਹੋਵੇ ਜਾਂ ਧਰਮ ਦਾ ਬਿਨਾ ਯੋਗਤਾ ਦੇ ਨਹੀਂ ਹੋ ਸਕਦਾ । ਮੈਂਨੂੰ ਚੇਤੇ ਹੈ ਕਿ ਇਕ ਅੰਗ੍ਰੇਜ਼ ਹਾਕਮ ਕੋਲ ਇਕ ਖਾਨਦਾਨੀ ਮਨੁੱਖ ਪੇਸ਼ ਕੀਤਾ ਗਿਆ ਕਿ ਇਸਨੂੰ ਤਹਿਸੀਲਦਾਰ ਬਣਾ ਦਿਤੱਾ ਜਾਏ ਅਤੇ ਜਿਸਨੂੰ ਪੇਸ਼ ਕੀਤਾ ਗਿਆ ਉਹ ਇਕ ਮੂਰਖ ਸੀ ਉਰਦੂ ਵੀ ਨਹੀਂ ਆਉਂਦੀ ਸੀ । ਉਸ ਅੰਗ੍ਰੇਜ਼ ਨੇ ਕਿਹਾ ਜੇਕਰ ਮੈਂ ਇਸਨੂੰ ਤਹਿਸੀਲਦਾਰ ਬਣਾ ਦਿਆਂ ਤਾਂ ਇਸ ਦੀ ਥਾਂ ਮੁਕੱਦਮਿਆਂ ਦੇ ਫ਼ੈਸਲੇ ਕੌਣ ਕਰੇਗਾ । ਮੈਂ ਇਸਨੂੰ ਕੇਵਲ ਪੰਜ ਰੁਪਏ ਅਰਦਲੀ ਦੇ ਹੋਰ ਕੋਈ ਨੌਕਰੀ ਨਹੀਂ ਦੇ ਸਕਦਾ । ਇਸੇ ਪ੍ਰਕਾਰ ਰੱਬ ਵੀ ਫ਼ਰਮਾਉਂਦਾ ਹੈ ।

ਅਲੱਾਹੁ ਆਲਾਮੁ ਹੈਸੁ ਯਜਆਲੁ ਰਸਾਲਾਤਹੂ

اللَّهُ أَعْلَمُ حَيْثُ يَجْعَلُ رِسَالَتَهُ (الأنعام125)

ਕੀ ਜਿਸਦੇ ਕੋਲ ਹਜ਼ਾਰਾਂ ਹੀ ਦੁਸ਼ਮਨ ਤੇ ਮਿਤੱਰ ਪ੍ਰਸ਼ਨ ਤੇ ਇਤਰਾਜ਼ ਲੈਕੇ ਆਉਂਦੇ ਹਨ ਅਤੇ ਨਬੁਵੱਤ ਦੀ ਪ੍ਰਤੀਨਿਧਤਾ ਉਸਦੇ ਸੁਪੁਰਦ ਹੁੰਦੀ ਹੈ । ਉਸਦੀ ਇਹੋ ਸ਼ਾਨ ਹੈ ਕਿ ਕੇਵਲ ਕੁਝ ਇਲਹਾਮੀ ਵਾਕ ਉਸਦੇ ਕੱਛ ਵਿੱਚ ਹੋਣ ਅਤੇ ਉਹ ਵੀ ਬਿਨਾ ਸਬੂਤ ਦੇ । ਕੀ ਕੌਮ ਤੇ ਕੌਮ ਦੇ ਵਿਰੋਧੀ ਉਸ ਤੋਂ ਤਸਲੀ ਪ੍ਰਾਪਤ

ਕਰ ਸਕਦੇ ਹਨ । ਹੁਣ ਮੈਂ ਇਸ ਲੇਖ ਨੂੰ ਖ਼ਤਮ ਕਰਨਾ ਚਾਹੁੰਦਾ ਹਾਂ ਅਤੇ ਜੇਕਰ ਇਸ ਵਿੱਚ ਕੋਈ ਭਾਰੀ ਸ਼ਬਦ ਹੋਵੇ ਤਾਂ ਹਰ ਇਕ ਸਾਹਬ ਤੇ ਸਜੱਣ ਭਾਵ ਆਪਣੇ ਮੁਲਹਮ ਮਿਤੱਰ ਤੋਂ ਖਿਮਾ ਮੰਗਦਾ ਹਾਂ ਕਿਉਂਕਿ ਮੈਂ ਕੇਵਲ ਨੇਕ ਨੀਤੀ ਨਾਲ ਕੁਝ ਪੰਕਤੀਆਂ ਲਿੱਖੀਆਂ ਹਨ । ਮੈਂ ਇਸ ਸਜੱਣ ਮਿਤੱਰ ਨਾਲ ਦਿਲ ਨਾਲ ਮੁਹਬੱਤ ਰੱਖਦਾ ਹਾਂ ਅਤੇ ਦੁਆ ਕਰਦਾ ਹਾਂ ਕਿ ਰੱਬ ਉਹਨਾ ਦੇ ਨਾਲ ਹੋਵ ।

ਫ਼ਕਤ

ਖ਼ਾਕਸਾਰ

**ਮਿਰਜ਼ਾ ਗ਼ੁਲਾਮ ਅਹਮਦ ਅਜ਼ ਕਾਦੀਆਂ**

**ਜ਼ਿਲਾ ਗੁਰਦਾਸਪੁਰ**

# ਮੌਲਵੀ ਅਬਦੁਲ ਕਰੀਮ ਸਾਹਬ ਦਾ ਪਤੱਰ ਇਕ ਮਿਤੱਰ ਦੇ ਨਾਂ[6]

**ਬਿਸਮਿਲੱਾਹ ਹਿਰੱਹਿਮਾ ਨਿਰੱਹੀਮ ਅਲਹਮਦੁ ਲਿ ਵਲੀਯਿੱਹੀ ਵਸੱਲਾਤੁ ਵਸੱਲਾਮੁ ਅਲਾ ਨਬੀਯਿੱਹੀ**

ਦੇ ਬਾਦ

ਅਬਦੁਲ ਕਰੀਮ ਵੱਲੋਂ ਮੇਰੇ ਭਾਈ ਨਸਰੁਲੱਾਹ ਖਾਨ ਨੂੰ ਮੁਹਬੱਤ ਭਰਿਆ

**ਅਸੱਲਾਮੁ ਅਲੈਕੁਮ ਵ ਰਹਿਮਾਤੁਲੱਾਹਿ ਵ ਬਰਾਕਾਤੁਹੂ**

ਅੱਜ ਮੇਰੇ ਮਨ ਵਿੱਚ ਫਿਰ ਤਹਰੀਕ (ਫੁਰਣਾ ਆਇਆ) ਹੋਈ ਕਿ ਕੁਝ ਮਨ ਦੀ ਵਿਥਿਆ ਆਪ ਨੂੰ ਸੁਣਾਵਾਂ ਸੰਭਵ ਹੈ ਕਿ ਆਪ ਵੀ ਮੇਰੇ ਹਾਮੀ ਬਣ ਜਾਓ । ਇੰਨ੍ਹੀ ਚਿਰ ਮਗਰੋਂ ਇਹ ਤਹਰੀਕ ਸੱਖਣੀ ਤੇ ਬੇਅਰਥ ਨਹੀਂ ਹੋਵੇਗੀ, ਤੜਫ਼ਦਾ ਮਨ ਆਪਣੇ ਬੰਦਿਆਂ ਨੂੰ ਵਿਅਰਥ ਕੰਮਾ ਦੀ ਪ੍ਰੇਰਨਾ ਨਹੀਂ ਦਿਆ ਕਰਦਾ ।

ਚੌਧਰੀ ਸਾਹਬ ! ਮੈਂ ਵੀ ਆਦਮ ਦਾ ਪੁਤੱਰ ਹਾਂ ਅਤੇ ਕਮਜ਼ੋਰ ਇਸਤਰੀ ਦੇ ਗਰਭ'ਚੋਂ ਨਿਕਲਿਆ ਹਾਂ । ਜ਼ਰੂਰੀ ਹੈ ਕਿ ਮਾਨਵੀ ਕਮਜ਼ੋਰੀ, ਸੰਬੰਧਾਂ ਦੀ ਖਿੱਚ ਤੇ ਤੜਪ ਮੇਰੇ ਵਿੱਚ ਵੀ ਹੋਵੇ । ਇਸਤਰੀ ਦੇ ਗਰਭ'ਚੋਂ ਨਿਕਲਿਆ ਹੋਇਆ ਜੇਕਰ ਹੋਰ ਰੋਗ ਉਸਨੂੰ ਚੰਬੜ ਨਾ ਜਾਣ ਤਾਂ ਸੰਗਦਿਲ ਨਹੀਂ ਹੋ ਸਕਦਾ । ਮੇਰੀ ਅਤਿਅੰਤ ਕੋਮਲ ਮਨ ਵਾਲੀ ਮਾਂ ਬੁਢੇਪੇ ਦੇ ਰੋਗਾਂ ਵਿੱਚ ਮੌਜੁਦ ਹੈ, ਮੇਰਾ ਪਿਤਾ ਵੀ ਹੈ (ਰੱਬ ਉਹਨਾ ਨੂੰ ਠੀਕ ਰੱਖੇ ਤੇ ਆਪ ਸਹਾਈ

---

[6] ਇਸ ਪਤੱਰ'ਤੇ ਸੰਜੋਗ ਨਾਲ ਮੇਰੀ ਨਜ਼ਰ ਪੈ ਗਈ ਜਿਸ ਨੂੰ ਮੌਲਵੀ ਅਬਦੁਲ ਕਰੀਮ ਸਾਹਬ ਨੇ ਆਪਣੇ ਇਕ ਮਿਤੱਰ ਨੂੰ ਲਿੱਖਿਆ ਸੀ, ਸੋ ਮੈਂ ਇਕ ਅਨੁਕੂਲਤਾ ਕਰਕੇ ਜੋ ਇਸ ਪੁਸਤਕਾ ਦੇ ਵਿਸ਼ੇ ਨਾਲ ਸੁਮੇਲ ਖਾਂਦਾ ਹੈ ਇਸ ਨੂੰ ਛਾਪ ਦਿਤੱਾ ਹੈ ।

ਹੋਵੇ), ਮੇਰੇ ਪਿਆਰੇ ਅਤੇ ਬਹੁਤ ਹੀ ਪਿਆਰੇ ਭਾਈ ਵੀ ਹਨ ਅਤੇ ਸੰਬੰਧ ਵੀ ਚੰਗੇ ਹਨ ਤਾਂ ਫਿਰ ਕੀ ਮੈਂ ਪੱਥਰ ਦਾ ਕਲੇਜਾ ਰੱਖਦਾ ਹਾਂ ਜੋ ਮਹੀਨੇ ਲੰਘ ਗਏ ਧੂਨੀ ਰਮਾਏ ਬੈਠਾ ਹਾਂ ਜਾਂ ਕੋਈ ਸ਼ੁਦਾਈ ਹਾਂ ਅਤੇ ਮੇਰੀ ਅਕਲ ਟਿਕਾਣੇ ਨਹੀਂ ਹੈ ਜਾਂ ਮੈਂ ਨਾਸਮਝ ਪੈਰੋਕਾਰ ਅਤੇ ਸੱਚੇ ਗਿਆਨ ਤੋਂ ਅਨਜਾਣ ਹਾਂ ਜਾਂ ਮੈਂ ਵਿਭਚਾਰੀ ਜੀਵਨ ਬਤੀਤ ਕਰਨ ਵਿੱਚ ਆਪਣੇ ਪਰਿਵਾਰ, ਅਪਣੇ ਮੁਹੱਲੇ ਅਤੇ ਆਪਣੇ ਸ਼ਹਿਰ ਵਿੱਚ ਪ੍ਰਸਿਧ ਹਾਂ । ਜਾਂ ਕੀ ਮੈਂ ਗਰੀਬੀ ਤੇ ਢਿੱਡ ਖ਼ਾਤਰ ਨਿਤ ਨਵੇਂ ਰੂਪ ਬਦਲਣ ਵਾਲਾ ਬਹਿਰੂਪੀਆ ਕਲੰਦਰ ਹਾਂ । ਰੱਬ ਅਤੇ ਉਸਦੇ ਫ਼ਰਿਸ਼ਤੇ ਜਾਣਦੇ ਹਨ ਤੇ ਗਵਾਹੀ ਦੇਣਗੇ ਕਿ ਮੈਂ ਅਲੱਾਹ ਦੀ ਮਿਹਰ ਨਾਲ ਇਹਨਾ ਸਾਰਿਆਂ ਐਬਾਂ ਤੋਂ ਮੁਕਤ ਹਾਂ । ਮੈਂ ਆਪਣੇ ਆਪ ਨੂੰ ਪਾਕ ਨਹੀਂ ਕਹਿੰਦਾ ਪਰ ਰੱਬ ਜਿਸਨੂੰ ਚਾਹੇ ਪਾਕ ਕਰ ਦਿੰਦਾ ਹੈ ।

ਤਾਂ ਫਿਰ ਕਿਹੜੀ ਗੱਲ ਨੇ ਮੇਰੇ ਵਿੱਚ ਅਜਿਹੀ ਦ੍ਰਿੜਤਾ ਪੈਦਾ ਕਰ ਰੱਖੀ ਹੈ ਜੋ ਇਹਨਾ ਸਾਰਿਆਂ ਸੰਬੰਧਾਂ ਉਪੱਰ ਗ਼ਾਲਬ ਆ ਗਈ ਹੈ । ਬਹੁਤ ਹੀ ਸਾਫ਼ ਤੇ ਪਧੱਰੀ ਗੱਲ ਹੈ ਇਕ ਹੀ ਸ਼ਬਦ ਵਿੱਚ ਮੁੱਕ ਜਾਂਦੀ ਹੈ ਅਤੇ ਉਹ ਇਹ ਹੈ, ਇਮਾਮੁਜ਼ੱਮਾਂ (ਸਮੇਂ ਦੇ ਇਮਾਮ ਜਾਂ ਵਰਤਮਾਨ ਯੁਗ ਦੇ ਅਵਤਾਰ) ਦੀ ਸ਼ਨਾਖ਼ਤ । ਅਲੱਾਹ ਅਲੱਾਹ ਇਹ ਕੀ ਗੱਲ ਹੈ ਜਿਸ ਵਿੱਚ ਅਜਿਹੀ ਜ਼ਬਰਦਸਤ ਕੁਦਰਤ ਹੈ ਜੋ ਸਾਰੇ ਸੰਬੰਧਾਂ ਨੂੰ ਤੋੜ ਤਾੜ ਦਿੰਦੀ ਹੈ । ਆਪ ਚੰਗੀ ਤਰ੍ਹਾਂ ਜਾਣਦੇ ਹਨ ਕਿ ਮੈਂ ਅਲੱਾਹ ਦੀ ਕਿਤਾਬ (ਕੁਰਆਨ ਸ਼ਰੀਫ਼) ਦੇ ਮੁਆਰਫ਼ ਅਤੇ ਉਸਦੇ ਗੁੱਝੇ ਭੇਦਾਂ ਦਾ ਗਿਆਨ ਰੱਖਦਾ ਹਾਂ ਅਤੇ ਆਪਣੇ ਘਰ ਵਿੱਚ ਅਲੱਾਹ ਦੀ ਕਿਤਾਬ ਪੜ੍ਹਨ ਅਤੇ ਪੜ੍ਹਾਉਣ ਤੋਂ ਬਿਨਾ ਮੈਨੂੰ ਹੋਰ ਕੋਈ ਸ਼ੁਗਲ ਨਹੀਂ ਹੁੰਦਾ । ਫਿਰ ਮੈਂ ਇੱਥੇ ਕੀ ਸਿੱਖਦਾ ਹਾਂ । ਕੀ ਉਹ ਘਰ ਵਿੱਚ ਪੜ੍ਹਨਾ ਅਤੇ ਭਰੋਸੇ ਯੋਗ ਜਮਾਤ ਵਿੱਚ ਉਪਰੋਕਤ ਸ਼ੁਗ਼ਲ ਅਤੇ ਕੇਂਦਰ ਬਿੰਦੂ ਬਣਨਾ ਮੇਰੀ ਆਤਮਾ ਜਾਂ ਮੇਰੇ ਨਫ਼ਸ ਨੂੰ ਬਹਿਲਾਉਣ ਲਈ ਬਹੁਤ ਨਹੀਂ । ਕਦੇ ਵੀ ਨਹੀਂ, ਵਲੱਾਹ, ਫਿਰ ਕਹਿੰਦਾ ਹਾਂ, ਕਦੇ ਵੀ ਨਹੀਂ । ਮੈਂ ਕੁਰਆਨ ਕਰੀਮ ਪੜ੍ਹਦਾ, ਲੋਕਾਂ ਨੂੰ ਸੁਣਾਉਂਦਾ, ਜੁੱਮੇ ਵਿੱਚ ਮਿੰਬਰ ਉਪੱਰ ਖੜਾ ਹੋਕੇ ਅਤਿਅੰਤ ਪ੍ਰਭਾਵੀ ਆਚਰਨਕ

ਉਪਦੇਸ਼ ਕਰਦਾ, ਲੋਕਾਂ ਨੂੰ ਇਲਾਹੀ ਪ੍ਰਕੋਪ ਤੋਂ ਡਰਾਉਂਦਾ ਅਤੇ ਬੁਰਾਈ ਤੋਂ ਬਚਣ ਦੀਆਂ ਨਸੀਹਤਾਂ ਕਰਦਾ, ਪਰ ਮੇਰਾ ਨਫ਼ਸ ਹਮੇਸ਼ਾਂ ਹੀ ਮੈਂਨੂੰ ਅੰਦਰ ਹੀ ਅੰਦਰ ਮਲਾਮਤਾਂ ਕਰਦਾ ਕਿ :

(لِمَ تَقُولُونَ مَا لَا تَفْعَلُونَ كَبُرَ مَقْتًا عِنْدَ اللَّهِ أَنْ تَقُولُوا مَا لَا تَفْعَلُونَ {الصف 3-4})

ਲਿਮਾ ਤਕੂਲੂਨਾ ਮਾ ਲਾ ਤਫ਼ਆਲੂਨ, ਕਾਬੁਰਾ ਮਕਤਨ ਇੰਦਲੱਾਹਿ ਅਨ ਤਕੂਲੂ ਮਾ ਲਾ ਤਫ਼ਆਲੂਨ ।(ਸਫ਼ 3-4)

ਮੈਂ ਦੂਜਿਆਂ ਨੂੰ ਰੁਆਉਂਦਾ ਪਰ ਆਪ ਨਾ ਰੋਂਦਾ । ਹੋਰਾਂ ਨੂੰ ਦੁਸ਼ਕਰਮਾ ਅਤੇ ਦੁਰਵਚਨਾ ਤੋਂ ਮੋੜਦਾ, ਪਰ ਆਪ ਨਾ ਹਟਦਾ । ਕਿਉਂਕਿ ਵਿਸ਼ਵਾਸਘਾਤੀ, ਪਖੰਡੀ, ਸਵਾਰਥੀ ਤੇ ਫ਼ਰੇਬੀ ਨਹੀਂ ਸੀ ਅਤੇ ਵਾਸਤਵ ਵਿੱਚ ਸੰਸਾਰਕ ਪ੍ਰਸਿੱਧੀ ਪ੍ਰਾਪਤ ਕਰਨਾ ਮੇਰਾ ਮਨੋਰਥ ਨਹੀਂ ਸੀ । ਮੇਰਾ ਮਨ ਜੱਦ ਕਦੇ ਰਤਾ ਇਕਾਂਤ ਵਿੱਚ ਹੁੰਦਾ, ਇਹ ਵਿਚਾਰ ਘੇਰਕੇ ਆਉਂਦੇ, ਪਰ ਕਿਉਂਕਿ ਆਪਣੇ ਸੁਧਾਰ ਲਈ ਕੋਈ ਮਾਰਗ ਦਿਖਾਈ ਨ ਦਿੰਦਾ ਅਤੇ ਈਮਾਨ ਅਜਿਹੇ ਝੂਠੇ ਤੇ ਖ਼ੁਸ਼ਕ ਕਰਮਾਂ'ਤੇ ਸੰਤੋਖ਼ ਹੋਣ ਦੀ ਆਗਿਆ ਵੀ ਨਾ ਦਿੰਦਾ । ਅੰਤ ਇਸ ਖਿੱਚ ਧੂਹ ਨਾਲ ਮਨ ਦੀ ਨਿਰਬਲਤਾ ਦੇ ਰੋਗ ਨਾਲ ਰੋਗੀ ਹੋ ਗਿਆ । ਕਈ ਵਾਰ ਪੱਕਾ ਨਿਸ਼ਚਾ ਕੀਤਾ ਕਿ ਪੜ੍ਹਨਾ ਪੜ੍ਹਾਉਣਾ ਅਤੇ ਪਰਵਚਨ ਕਰਨਾ ਉਕੱਾ ਹੀ ਛੱਡ ਦਿਆਂ । ਫਿਰ ਫਿਰ ਵੱਧ ਵੱਧ ਕੇ ਸਦਾਚਾਰ ਅਤੇ ਅਧਿਆਤਮਵਾਦ ਦੀਆਂ ਕਿਤਾਬਾਂ ਤੇ ਉਹਨਾਂ ਦੇ ਵਿਸਥਾਰ ਪੜ੍ਹਦਾ । ਅਹਯਾਉਲ ਉਲੂਮ, ਅਵਾਰਿਫ਼ੁਲ ਮੁਆਰਿਫ਼, ਫ਼ਤੂਹਾਤੇ ਮੱਕੀਆ ਦੇ ਚਾਰੇ ਭਾਗ ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਇਸੇ ਉਦੇਸ਼ ਲਈ ਪੜ੍ਹੀਆਂ ਅਤੇ ਬਹੁਤ ਗ਼ੌਰ ਨਾਲ ਪੜ੍ਹੀਆਂ । ਕੁਰਆਨ ਕਰੀਮ ਤਾਂ ਮੇਰੀ ਰੂਹ (ਆਤਮਾ) ਦੀ ਗ਼ਜ਼ਾ ਸੀ ਅਤੇ ਰੱਬ ਦੀ ਮਿਹਰ ਨਾਲ ਹੈ । ਬਚਪਨੇ ਤੋਂ ਸਗੋਂ ਅਨਜਾਣ ਪੁਣੇ ਤੋਂ ਹੀ ਇਸ ਪਾਕ ਤੇ ਵੱਡਿਆਈ ਵਾਲੀ ਕਿਤਾਬ ਨਾਲ ਮੈਂਨੂੰ ਇੰਨ੍ਹੀ ਉਨਸ ਹੈ ਕਿ ਮੈਂ ਇਸਨੂੰ ਬਿਆਨ ਨਹੀ ਕਰ ਸਕਦਾ । ਭਾਵ ਗਿਆਨ ਤਾਂ ਵੱਧ ਗਿਆ ਅਤੇ ਸੰਗਤ ਨੂੰ ਖ਼ੁਸ਼ ਕਰਨ ਅਤੇ ਪਰਵਚਨਾਂ ਨੂੰ ਸਜਾਉਣ ਲਈ

ਸਾਧਨ ਤੇ ਚੁਟਕਲੇ ਵੀ ਬਹੁਤ ਮਿਲ ਗਏ । ਮੈਂ ਦੇਖਿਆ ਕਿ ਬਹੁਤ ਸਾਰੇ ਬਿਮਾਰ ਵੀ ਮੇਰੇ ਹੱਥਾਂ ਰਾਹੀਂ ਚੰਗੇ ਹੋ ਗਏ ਪਰ ਮੇਰੇ ਵਿੱਚ ਕੋਈ ਤਬਦੀਲੀ ਪੈਦਾ ਨਹੀਂ ਹੁੰਦੀ ਸੀ । ਅੰਤ ਬਹੁਤ ਝੂਝਣ ਮਗਰੋਂ ਮੇਰੇ ਉਪੱਰ ਖੋਲਿਆ ਗਿਆ ਕਿ ਜੀਉਂਦੇ ਜੀਵਨ ਦੀ ਉਦਾਹਰਣ ਜਾਂ ਉਸ ਜੀਵਨ ਦੇ ਸੋਮੇ ਤੱਕ ਪਹੁੰਚਣ ਤੋਂ ਬਿਨਾ ਜੋ ਅੰਦਰ ਦੇ ਮਲ ਨੂੰ ਧੋ ਸਕਦਾ ਹੋਵੇ ਇਹ ਮੈਲ ਉਤਰਨ ਵਾਲੀ ਨਹੀਂ । ਸੰਪੂਰਨ ਅਧਿਆਤਮਵਾਦ ਖ਼ਾਤਾਮੁਲ ਅੰਬਿਆ ਸਲਲੱਾਹੁ ਅਲੈਹਿ ਵਸਲੱਮ ਨੇ ਕਿਵੇਂ ਸਹਾਬਾ ਕਰਾਮ ਨੂੰ ਸਦਾਚਾਰਕ ਮੰਜ਼ਲਾਂ 23 ਵਰ੍ਹਿਆਂ ਵਿੱਚ ਪਾਰ ਲੰਘਾਈਆਂ । ਕੁਰਆਨ ਗਿਆਨ ਸੀ ਅਤੇ ਆਪ ਉਸਦੇ ਸੱਚੇ ਕਰਮ ਰੂਪੀ ਉਦਾਹਰਣ ਸਨ । ਕੁਰਆਨ ਕਰੀਮ ਦੇ ਆਦੇਸ਼ਾਂ ਦੀ ਮਹਾਨਤਾ ਤੇ ਵੱਡਿਆਈ ਨੂੰ ਕੇਵਲ ਸ਼ਬਦਾਂ ਅਤੇ ਗਿਆਨ ਰੂਪ ਨੇ ਮਨੁੱਖੀ ਰੰਗ ਵਿੱਚ ਮਨਾਂ'ਚ ਨਹੀਂ ਬਿਠਾਇਆ ਸਗੋਂ ਹਜ਼ੂਰੇ ਪਾਕ (ਹਜ਼ਰਤ ਮੁਹਮੱਦ ਮੁਸਤਫ਼ਾ) ਸਲਲੱਾਹੁ ਅਲੈਹਿ ਵਸਲੱਮ ਦੇ ਕਰਮ ਰੂਪੀ ਅਮਲਾਂ ਦੀ ਉਦਾਹਰਣਾਂ, ਲਾਸਾਨੀ ਆਚਰਣ, ਹੋਰਨਾ ਆਕਾਸ਼ੀ ਸਹਾਇਤਾ ਦੇ ਸਹਿਯੋਗ ਅਤੇ ਨਿਰੰਤਰ ਪ੍ਰਗਟਾਵੇ ਨੇ ਅਜਿਹਾ ਅਵਿਨਾਸ਼ੀ ਸਿੱਕਾ ਆਪਦੇ ਪੈਰੋਕਾਰਾਂ ਦੇ ਮਨਾਂ ਉਪੱਰ ਜਮਾਇਆ । ਕਿਉਂਕਿ ਖ਼ੁਦਾ ਤਆਲਾ ਨੂੰ ਇਸਲਾਮ ਬਹੁਤ ਪਿਆਰਾ ਹੈ ਅਤੇ ਉਸਦਾ ਸਦੈਵ ਕਾਇਮ ਰੱਖਣਾ ਮੰਜ਼ੂਰ ਹੈ, ਇਸ ਲਈ ਉਸਨੇ ਪਸੰਦ ਨਹੀਂ ਕੀਤਾ ਕਿ ਇਹ ਧਰਮ ਵੀ ਦੁਨੀਆ ਦੇ ਹੋਰਨਾ ਧਰਮਾਂ ਵਾਂਗ ਕਿੱਸਿਆਂ ਤੇ ਫ਼ਸਾਨਿਆਂ ਦੇ ਰੂਪ ਵਿੱਚ ਪੁਰਾਤਨ ਜੰਤਰੀ ਬਣ ਜਾਏ । ਇਸ ਪਾਕ ਧਰਮ ਵਿੱਚ ਹਰ ਯੁੱਗ ਵਿੱਚ ਜੀਉਂਦੇ ਨਮੂਨੇ ਮੌਜੂਦ ਰਹੇ ਜਿੰਨ੍ਹਾ ਨੇ ਗਿਆਨ ਤੇ ਕਰਮ ਦੇ ਰੂਪ ਵਿੱਚ ਰਹਿਮਾਨ ਖ਼ੁਦਾ ਦੇ ਕੁਰਆਨੇ ਕਰੀਮ ਦੇ ਸੰਦੇਸ਼ਵਾਹਕਾਂ ਦਾ ਸਮਾਂ ਲੋਕਾਂ ਨੂੰ ਚੇਤੇ ਕਰਾਇਆ । ਇਸੇ ਮਰਿਯਾਦਾ ਅਨੁਸਾਰ ਸਾਡੇ ਯੁੱਗ (ਸਮੇਂ) ਵਿੱਚ ਖ਼ੁਦਾ ਤਆਲਾ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਸਾਡੇ ਵਿੱਚ ਨਿਯੁਕਤ ਕੀਤਾ ਕਿ ਉਹ ਜ਼ਮਾਨੇ ਲਈ ਗਵਾਹ ਬਣ ਜਾਏ । ਮੈਂ ਜੋ ਕੁਝ ਇਸ ਚਿੱਠੀ ਵਿੱਚ ਲਿੱਖਣਾ ਚਾਹੁੰਦਾ ਸੀ, ਮਾਨ ਯੋਗ ਸੱਚੇ ਇਮਾਮ ਹਜ਼ਰਤੇ ਅਕਦਸ ਅਲੈਹਿ ਸਲਾਮ ਦੇ ਪਾਕ ਵੁਜੂਦ ਦੀ

ਜ਼ਰੂਰਤ ਉਪੱਰ ਕੁਝ ਵਜਦ ਵਿੱਚ ਲਿਆਉਣ ਵਾਲੀਆਂ ਦਲੀਲਾਂ ਸਨ । ਇਸ ਅੰਤਰਾਲ ਵਿੱਚ ਕੁਝ ਤਹਿਰੀਕਾਂ ਕਰਕੇ ਆਪ ਹਜ਼ਰਤ ਅਕਦਸ ਅਲੈਹਿ ਸਲਾਮ ਨੇ ''ਜ਼ਰੂਰਤੇ ਇਮਾਮ'' ਉਪੱਰ ਪਰਸੋਂ ਇਕ ਛੋਟਾ ਜਿਹਾ ਰਸਾਲਾ ਲਿੱਖ ਦਿੱਤਾ ਹੈ, ਜੋ ਛੇਤੀ ਹੀ ਪ੍ਰਕਾਸ਼ਤ ਹੋਵੇਗਾ । ਇਸ ਕਰਕੇ ਮੈਂ ਇਸ ਇਰਾਦੇ ਨੂੰ ਛੱਡ ਦਿੱਤਾ ਹੈ ।

ਅੰਤ ਵਿੱਚ ਮੈਂ ਆਪਣੀ ਨੇਕੀ ਨਾਲ ਭਰੀ ਹੋਈ ਸੰਗਤਿ ਨੂੰ, ਆਪਦੇ ਸ਼ਰਧਾ ਨਾਲ ਕੁਰਆਨ ਕਰੀਮ ਦੇ ਦਰਸ (ਪਰਵਚਨ) ਵਿੱਚ ਹਾਜ਼ਰ ਹੋਣ ਨੂੰ, ਆਪ ਦੇ ਆਪਣੇ ਬਾਰੇ ਚੰਗੀ ਕਲਪਨਾ ਨੂੰ ਅਤੇ ਉਹਨਾਂ ਸਾਰਿਆਂ'ਤੇ ਆਪ ਦੇ ਨੇਕ ਦਿਲ ਤੇ ਪਵਿੱਤਰਤਾ ਨੂੰ ਚੇਤੇ ਕਰਾਉਂਦਾ ਹਾਂ ਅਤੇ ਆਪਦੇ ਰੋਸ਼ਨ ਜ਼ਮੀਰ (ਅੰਤਰਆਤਮਾ) ਅਤੇ ਸਾਦਾ ਸੁਭਾਵ ਵਿੱਚ ਅਪੀਲ ਕਰਦਾ ਹਾਂ ਕਿ ਆਪ ਵਿਚਾਰ ਕਰੋ । ਸਮਾਂ ਬਹੁਤ ਨਾਜ਼ੁਕ ਹੈ । ਜਿਸ ਜੀਉਂਦੇ ਈਮਾਨ ਨੂੰ ਕੁਰਆਨ ਕਰੀਮ ਚਾਹੁੰਦਾ ਹੈ ਅਤੇ ਮਨਾਂ ਵਿੱਚ ਪਾਪਾਂ ਨੂੰ ਸਾੜਨ ਵਾਲੀ ਅੱਗ ਪੈਦਾ ਕਰਨਾ ਚਾਹੁੰਦਾ ਹੈ, ਉਹ ਕਿੱਥੇ ਹੈ । ਮੈਂ ਉਸ ਮਹਾਨ ਆਕਾਸ਼ਾਂ ਦੇ ਰੱਬ ਦੀ ਕਸਮ ਖਾਕੇ ਆਪ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਉਹੋ ਈਮਾਨ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰਤੀਨਿਧੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਹੱਥਾਂ ਵਿੱਚ ਹੱਥ ਦੇਣ ਨਾਲ ਅਤੇ ਉਸਦੀ ਸੰਗਤ ਵਿੱਚ ਬੈਠਣ ਨਾਲ ਪ੍ਰਾਪਤ ਹੁੰਦਾ ਹੈ । ਹੁਣ ਇਸ ਭਲੇ ਕੰਮ ਵਿੱਚ ਦੇਰੀ ਕਰਨ ਵਿੱਚ ਮੈਂਨੂੰ ਡਰ ਹੈ ਕਿ ਕਿਤੇ ਮਨ ਵਿੱਚ ਕੋਈ ਭਿਆਨਕ ਪ੍ਰੀਵਰਤਨ ਪੈਦਾ ਨਾ ਹੋ ਜਾਏ । ਦੁਨੀਆ ਦਾ ਡਰ ਛੱਡ ਦਿਓ ਅਤੇ ਰੱਬ ਖ਼ਾਤਰ ਸਭ ਤਿਆਗ ਦਿਓ, ਪਰ ਵਿਸ਼ਵਾਸ ਰੱਖੋ ਸਭ ਕੁਝ ਮਿਲ ਜਾਏਗਾ ।

ਵਸੱਲਾਮ ।

ਆਜਿਜ਼ ਅਬਦੁਲ ਕਰੀਮ

ਕਾਦੀਆਂ ਮਿਤੀ – 1 ਅਕਤੂਬਰ 1898 ਈ.

بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ
ਬਿਸ ਮਿਲੱਾਹਿਰੱਹਮਾ ਨਿਰੱਹੀਮ ਨਹਮੁਦੁਹੂ ਵ ਨੁਸੱਲੀ ਅਲਾ ਰਸੂਲਿਹਿਲ ਕਰੀਮ ।

# ਇੰਕਮ ਟੈਕਸ ਅਤੇ ਤਾਜ਼ਾ ਨਿਸ਼ਾਨ (ਚਮਤਕਾਰ)

*صادق راہردم مدد آیدز ربّ العالمین    صادقاں را دستِ حق باشد نہاں در آستیں*

*ہر بلا کز آسماں بر صادقے آید فرود    آخرش گردد نشانے از برائے طالبیں*

ਸਿਦਕੇ ਰਾ ਹਰਦਮ ਮਦਦ ਆਇਦਜ਼ ਰਬੱਲ ਆਲਾਮੀਨ ।
ਸਾਦਕਾਂ ਰਾ ਦਸਤੇ ਹੱਕ ਬਾਸ਼ਦ ਨਿਹਾਂ ਦਰ ਆਸਤੀਂ ।
ਹਰ ਬਲਾ ਕਜ਼ ਆਸਮਾਂ ਬਰ ਸਾਦਕੇ ਆਇਦ ਫ਼ਰੂਦ ।
ਆਖ਼ਰਸ਼ ਗਰਦ ਵ ਨਿਸ਼ਾਨੇ ਅਜ਼ ਬਰਾਏ ਤਾਲਬੀਂ ।

ਸਾਡੇ ਕੁਝ ਨਾਸਮਝ ਦੁਸ਼ਮਨ ਡਾਕਟਰ ਕਲਾਰਕ ਦੇ ਮੁਕਦੱਮੇ ਵਿੱਚ ਅਸਫ਼ਲ ਰਹਿਣ ਕਰਕੇ ਬਹੁਤ ਦੁਖੀ ਤੇ ਪ੍ਰੇਸ਼ਾਨ ਸਨ ਕਿਉਂਕਿ ਉਹਨਾਂ ਨੂੰ ਅਜਿਹੇ ਮੁਕਦੱਮੇ ਵਿੱਚ ਜਿਸਦਾ ਪ੍ਰਭਾਵ ਲੇਖਕ ਦੀ ਜਾਨ ਤੇ ਇਜ਼ੱਤ ਉਪੱਰ ਸੀ । ਅਨੇਕਾਂ ਹੀ ਕਠਨ ਜਤਨਾ ਮਗਰੋਂ ਵੀ ਕਰਾਰੀ ਹਾਰ ਚੁਕਣੀ ਪਈ ਅਤੇ ਨਾ ਕੇਵਲ ਹਾਰ ਸਗੋਂ ਉਸ ਮੁਕਦੱਮੇ ਬਾਰੇ ਉਹ ਪੇਸ਼ਗੋਈ (ਭਵਿੱਖਬਾਣੀ) ਵੀ ਪੂਰੀ ਹੋਈ ਜਿਸ ਨੂੰ ਦੋ ਸੌ ਤੋਂ ਵੱਧ ਵਿਸ਼ਵਸਤ ਤੇ ਪ੍ਰਤਿਸ਼ਠਿਤ ਲੋਕਾਂ ਨੂੰ ਖ਼ਬਰ ਦਿੱਤੀ ਗਈ ਸੀ ਅਤੇ ਪਬਲਿਕ ਵਿੱਚ ਸਮੇਂ ਤੋਂ ਪਹਿਲਾਂ ਹੀ ਪ੍ਰਕਾਸ਼ਤ ਕਰ ਦਿੱਤਾ ਗਿਆ ਸੀ । ਪਰ ਦੁੱਖ ਦੀ ਗੱਲ ਇਹ ਹੈ ਕਿ ਇੰਨ੍ਹਾ ਵਿਰੋਧੀਆਂ ਦੀ ਬਦਗੁਮਾਨੀ ਅਤੇ ਕਾਹਲੀ ਕਰਕੇ ਇਕ ਹੋਰ ਹਾਰ ਵੀ ਉਹਨਾ ਨੂੰ ਵੇਖਣੀ ਪਈ । ਉਹ ਇਹ ਕਿ ਇਹਨਾ ਦਿਨਾਂ ਵਿੱਚ ਮਮੂਲੀ ਤੌਰ'ਤੇ ਬਿਨਾਂ ਕਿਸੇ ਅਦਾਲਤ ਦੀ ਨੀਯਮ ਪੂਰਬਕ ਖੋਜ ਪੜਤਾਲ ਦੇ ਇਸ ਲੇਖਕ ਉਪੱਰ ਮੁਬਲਗ਼ ਇਕ ਸੌ ਸਤਾਸੀ ਰੁਪਏ

ਅੱਠ ਆਨੇ ਇੰਕਮ ਟੈਕਸ ਲਗਾਕੇ ਉਸਦੀ ਮੰਗ ਹੋਈ । ਤਾਂ ਇਹ ਲੋਕ ਜਿੰਨ੍ਹਾ ਦੇ ਨਾਂ ਲਿੱਖਣ ਦੀ ਲੋੜ ਨਹੀਂ (ਅਕਲਮੰਦ ਆਪੇ ਹੀ ਸਮਝ ਜਾਣਗੇ) ਆਪਣੇ ਦਿਲਾਂ ਵਿੱਚ ਬਹੁਤ ਹੀ ਖ਼ੁਸ ਹੋਏ ਅਤੇ ਇਹ ਖ਼ਿਆਲ ਕੀਤਾ ਕਿ ਜੇਕਰ ਸਾਡਾ ਪਹਿਲਾ ਨਿਸ਼ਾਨਾ ਖਾਲੀ ਗਿਆ ਤਾਂ ਕੋਈ ਗੱਲ ਨਹੀਂ ਹੁਣ ਇਸ ਮੁਕਦੱਮੇ ਵਿੱਚ ਉਸਦਾ ਬਦਲਾ ਮਿਲ ਜਾਵੇਗਾ । ਪਰ ਕਦੇ ਵੀ ਇਹ ਸੰਭਵ ਨਹੀਂ ਕਿ ਭੈੜਾ ਸੋਚਣ ਵਾਲੇ ਤੇ ਸਵਾਰਥੀ ਮਨੁੱਖ ਸਫ਼ਲ ਹੋ ਸਕਣ ਕਿਉਂਕਿ ਕੋਈ ਵੀ ਸਫ਼ਲਤਾ ਅਪਣੇ ਮਨਸੂਬਿਆਂ ਤੇ ਮਕੱਾਰੀਆਂ ਨਾਲ ਨਹੀਂ ਹੋ ਸਕਦੇ ਸਗੋਂ ਇਕ ਹੈ ਜੋ ਮਨੁੱਖਾਂ ਦੇ ਦਿਲਾਂ ਨੂੰ ਦੇਖਦਾ ਹੈ ਅਤੇ ਉਹਨਾਂ ਦੇ ਅੰਦਰੂਨੀ ਵਿਚਾਰਾਂ ਨੂੰ ਪਰਖਦਾ ਅਤੇ ਉਹਨਾਂ ਦੀ ਨੀਤ ਅਨੁਸਾਰ ਆਕਾਸ਼ਾਂ ਤੋਂ ਹੁਕੁਮ ਕਰਦਾ ਹੈ । ਇਸ ਲਈ ਉਸਨੇ ਇਸ ਭੈੜੇ ਵਿਚਾਰਾਂ ਦੇ ਲੋਕਾਂ ਦੀ ਇਹ ਮੁਰਾਦ ਵੀ ਪੂਰੀ ਨਹੀਂ ਹੋਣ ਦਿੱਤੀ ਅਤੇ ਤਹਿਕੀਕ ਦੇ ਮਗਰੋਂ ਮਿਤੀ 17 ਸਤੰਬਰ 1898 ਨੂੰ ਇੰਕਮ ਟੈਕਸ ਮੁਆਫ਼ ਕੀਤਾ ਗਿਆ । ਇਸ ਮੁਕਦੱਮੇ ਦੇ ਅਚਨਚੇਤ ਖੜੇ ਹੋ ਜਾਣ ਪਿੱਛੇ ਇਕ ਇਹ ਵੀ ਇਲਾਹੀ ਹਿਕਮਤ ਲੁਕੀ ਹੋਈ ਸੀ ਕਿ ਰੱਬ ਦੀ ਸਹਾਇਤਾ ਮੇਰੀ ਜਾਨ, ਇਜ਼ੱਤ ਅਤੇ ਮਾਲ ਦੇ ਸੰਬੰਧ ਵਿੱਚ ਅਰਥਾਤ ਤਿੰਨਾ ਹੀ ਢੰਗਾ ਨਾਲ ਤੇ ਤਿੰਨਾ ਹੀ ਪੱਖਾਂ ਤੋਂ ਸਿੱਧ ਹੋ ਜਾਏ । ਕਿਉਂਕਿ ਜਾਨ ਅਤੇ ਇਜ਼ੱਤ ਬਾਰੇ ਤਾਂ ਡਾਕਟਰ ਕਲਾਰਕ ਦੇ ਮੁਕਦੱਮੇ ਵਿੱਚ ਇਲਾਹੀ ਮਦਦ ਦਾ ਪ੍ਰਮਾਣ ਮਿਲ ਚੁੱਕਾ ਸੀ ਪਰ ਮਾਲ ਬਾਰੇ ਮਦਦ ਦੀ ਗੱਲ ਲੁਕੀ ਹੋਈ ਸੀ । ਇਸ ਲਈ ਰੱਬ ਦੀ ਮਿਹਰ ਤੇ ਉਸਦੀ ਕਿਰਪਾ ਨੇ ਨਿਸ਼ਚਾ ਕੀਤਾ ਕਿ ਪਬਲਿਕ ਨੂੰ ਮਾਲ ਬਾਰੇ ਵੀ ਆਪਣੀ ਮਦਦ ਦਿਖਾ ਦੇਵੇ । ਇਸ ਲਈ ਉਸਨੇ ਇਹ ਮਦਦ ਵੀ ਪ੍ਰਗਟ ਕਰਕੇ ਤਿੰਨੇ ਪ੍ਰਕਾਰ ਦੀ ਸਹਾਇਤਾ ਦਾ ਸਰਕਲ ਪੂਰਾ ਕਰ ਦਿੱਤਾ । ਇਸ ਲਈ ਇਹੋ ਭੇਦ ਹੈ ਕਿ ਇਹ ਮੁਕਦੱਮਾ ਪੈਦਾ ਕੀਤਾ ਗਿਆ । ਜਿਵੇਂ ਕਿ ਡਾਕਟਰ ਕਲਾਰਕ ਦਾ ਮੁਕਦੱਮਾ ਇਸ ਲਈ ਰੱਬ ਵੱਲੋਂ ਨਹੀਂ ਹੋਇਆ ਸੀ ਕਿ ਮੈਂਨੂੰ ਹਲਾਕ ਜਾਂ ਬੇਇਜ਼ੱਤ ਕੀਤਾ ਜਾਏ ਸਗੋਂ ਇਸ ਲਈ ਹੋਇਆ ਸੀ ਕਿ ਉਸ ਕਾਦਰ ਕਰੀਮ ਦੇ ਚਮਤਕਾਰ ਪ੍ਰਗਟ ਹੋਣ । ਅਜਿਹਾ ਹੀ ਇਸ ਵਿੱਚ ਵੀ ਹੋਇਆ ਅਤੇ ਜਿਵੇਂ ਮੇਰੇ

ਰੱਬ ਨੇ ਜਾਨ ਅਤੇ ਇਜ਼ੱਤ ਦੇ ਮੁਕਦੱਮੇ ਵਿੱਚ ਪਹਿਲਾਂ ਹੀ ਇਲਹਾਮ ਰਾਹੀਂ ਇਹ ਖ਼ੁਸ਼ਖ਼ਬਰੀ ਦੇ ਦਿੱਤੀ ਸੀ ਕਿ ਅੰਤ ਵਿੱਚ ਬਰੀ ਹੋਵੋਗੇ ਅਤੇ ਦੁਸ਼ਮਨ ਨਿਰਲਜ ਹੋਣਗੇ ਅਜਿਹਾ ਹੀ ਉਸਨੇ ਇਸ ਮੁਕਦੱਮੇ ਵਿੱਚ ਵੀ ਪਹਿਲਾਂ ਹੀ ਖ਼ੁਸ਼ਖ਼ਬਰੀ ਦੇ ਦਿੱਤੀ ਸੀ ਕਿ ਅੰਤ ਵਿੱਚ ਸਾਡੀ ਹੀ ਫ਼ਤਿਹ ਹੋਵੇਗੀ ਅਤੇ ਈਰਖਾ ਕਰਨ ਵਾਲੇ ਅਸਫ਼ਲ ਰਹਿਣਗੇ । ਇਸ ਲਈ ਉਹ ਇਲਹਾਮੀ ਖ਼ੁਸ਼ਖ਼ਬਰੀ ਅੰਤਲੇ ਹੁਕੁਮ ਦੇ ਨਿਕਲਣ ਤੋਂ ਪਹਿਲਾਂ ਹੀ ਸਾਡੀ ਜਮਾਤ ਵਿੱਚ ਪ੍ਰਕਾਸ਼ਤ ਹੋ ਚੁਕੀ ਸੀ । ਇਸ ਪ੍ਰਕਾਰ ਜਿਵੇਂ ਕਿ ਪਹਿਲਾਂ ਸਾਡੀ ਜਮਾਤ ਨੇ ਜਾਨ ਅਤੇ ਇਜ਼ੱਤ ਦੇ ਮੁਕਦੱਮੇ ਵਿੱਚ ਇਕ ਆਸਮਾਨੀ ਚਮਤਕਾਰ ਦੇਖਿਆ ਸੀ ਇਸ ਵਿੱਚ ਵੀ ਉਹਨਾਂ ਨੇ ਇਕ ਆਸਮਾਨੀ ਨਿਸ਼ਾਨ ਦੇਖ ਲਿਆ ਜੋ ਉਹਨਾਂ ਦੇ ਈਮਾਨ ਨੂੰ ਵਧਾਉਣ ਦਾ ਸਬਬ ਬਣਿਆ । ਇਹ ਮੇਰੇ ਰੱਬ ਦੀ ਮਿਹਰ ਹੈ ਜਿਸ ਉਪੱਰ ਚਾਹੁੰਦਾ ਹੈ ਕਰਦਾ ਹੈ ।

ਮੈਂਨੂੰ ਬਹੁਤ ਹੈਰਾਨੀ ਹੈ ਕਿ ਅਨੇਕਾਂ ਚਮਤਕਾਰ ਪ੍ਰਗਟ ਹੁੰਦੇ ਜਾਂਦੇ ਹਨ ਪਰ ਫਿਰ ਵੀ ਮੌਲਵੀਆਂ ਨੂੰ ਸਚੱਾਈ ਦੇ ਕੁਬੂਲ ਕਰਨ ਵੱਲ ਉਕੱਾ ਹੀ ਧਿਆਨ ਨਹੀਂ । ਉਹ ਇਹ ਵੀ ਨਹੀਂ ਦੇਖਦੇ ਕਿ ਹਰ ਖੇਤਰ ਵਿੱਚ ਰੱਬ ਉਹਨਾਂ ਨੂੰ ਹਾਰ ਦਿੰਦਾ ਹੈ ਅਤੇ ਉਹ ਬਹੁਤ ਹੀ ਚਾਹੁੰਦੇ ਹਨ ਕਿ ਕਿਸੇ ਪ੍ਰਕਾਰ ਦੀ ਇਲਾਹੀ ਮਦਦ ਉਹਨਾ ਬਾਰੇ ਵੀ ਸਾਬਤ ਹੋਵੇ ਪਰ ਬਜਾਏ ਮਦਦ ਦੇ ਉਹਨਾਂ ਦਾ ਪਤਨ ਅਤੇ ਨਾਮੁਰਾਦ ਹੋਣਾ ਸਾਬਤ ਹੁੰਦਾ ਜਾਂਦਾ ਹੈ । ਉਦਾਹਰਣ ਲਈ ਜਿੰਨ੍ਹਾ ਦਿਨਾਂ ਵਿੱਚ ਜੰਤਰੀਆਂ ਰਾਹੀਂ ਇਹ ਪ੍ਰਸਿਧ ਹੋਇਆ ਸੀ ਕਿ ਇਸ ਵਾਰ ਰਮਜ਼ਾਨ ਵਿੱਚ ਸੂਰਜ ਅਤੇ ਚੰਦ ਦੋਹਾਂ ਨੂੰ ਗ੍ਰਹਣ ਲੱਗੇਗਾ ਅਤੇ ਲੋਕਾਂ ਦੇ ਦਿਲਾਂ ਵਿੱਚ ਇਹ ਖ਼ਿਆਲ ਪੈਦਾ ਹੋਇਆ ਸੀ ਕਿ ਇਹ ਮਊਦ ਇਮਾਮ ਦੇ ਪ੍ਰਗਟ ਹੋਣ ਦਾ ਚਮਤਕਾਰ ਹੈ ਤਾਂ ਉਸ ਸਮੇਂ ਮੌਲਵੀਆਂ ਦੇ ਦਿਲਾਂ ਵਿੱਚ ਇਹ ਧੜਕਾ ਅਰੰਭ ਹੋ ਗਿਆ ਸੀ ਕਿ ਮਹਦੀ ਅਤੇ ਮਸੀਹ ਹੋਣ ਦਾ ਦਾਵੇਦਾਰ ਤਾਂ ਇਹੋ ਇਕ ਮਨੁੱਖ ਮੈਦਾਨ ਵਿੱਚ ਖੜਾ ਹੈ ਅਜਿਹਾ ਨਾ ਹੋਵੇ ਕਿ ਲੋਕ ਇਸ ਵੱਲ ਝੁੱਕ ਜਾਣ । ਤੱਦ ਇਸ ਨਿਸ਼ਾਨ ਨੂੰ ਲੁਕਾਉਣ ਲਈ ਅਵੱਲ ਤਾਂ ਕੁਝ ਲੋਕਾਂ ਨੇ ਆਖਣਾ ਸ਼ੁਰੂ ਕਰ ਦਿੱਤਾ ਕਿ ਇਸ ਰਮਜ਼ਾਨ ਵਿੱਚ ਕੁਸੂਫ਼ੋ ਖ਼ੁਸੂਫ਼ ਨਹੀਂ ਹੋਵੇਗਾ ਸਗੋਂ ਉਸ ਸਮੇਂ

ਹੋਵੇਗਾ ਜੱਦ ਉਹਨਾਂ ਦੇ ਇਮਾਮ ਮਹਦੀ ਪ੍ਰਗਟ ਹੋਣਗੇ । ਫਿਰ ਜੱਦ ਰਮਜ਼ਾਨ ਵਿੱਚ ਕੁਸੂਫ਼ੋ ਖ਼ੁਸੂਫ਼ ਹੋ ਚੁਕਿਆ ਤਾਂ ਇਹ ਬਹਾਨਾ ਘੜਿਆ ਗਿਆ ਕਿ ਇਹ ਕੁਸੂਫ਼ੋ ਖ਼ਸੂਫ਼ ਹਦੀਸ ਦੇ ਸ਼ਬਦਾਂ ਅਨੁਸਾਰ ਨਹੀਂ । ਕਿਉਂਕਿ ਹਦੀਸ ਵਿੱਚ ਹੈ ਕਿ ਚੰਦ ਨੂੰ ਗ੍ਰਹਿਣ ਪਹਿਲੀ ਰਾਤ ਵਿੱਚ ਲੱਗੇਗਾ ਅਤੇ ਸੂਰਜ ਨੂੰ ਗ੍ਰਹਿਣ ਵਿਚਾਕਾਰਲੀ ਮਿਤੀ ਵਿੱਚ ਲੱਗੇਗਾ । ਜੱਦਕਿ ਇਸ ਕੁਸੂਫ਼ੋ ਖ਼ਸੂਫ਼ ਵਿੱਚ ਚੰਦ ਨੂੰ ਗ੍ਰਹਿਣ ਤੇਰ੍ਹਵੀਂ ਰਾਤ ਵਿੱਚ ਲੱਗਿਆ । ਸੂਰਜ ਨੂੰ ਅਠਾਈ (28) ਨੂੰ ਗ੍ਰਹਿਣ ਲੱਗਾ । ਫਿਰ ਜੱਦ ਉਹਨਾਂ ਨੂੰ ਸਮਝਾਇਆ ਗਿਆ ਕਿ ਹਦੀਸ ਵਿੱਚ ਮਹੀਨਿ ਦੀ ਪਹਿਲੀ ਮਿਤੀ ਮੁਰਾਦ ਨਹੀਂ ਅਤੇ ਪਹਿਲੀ ਮਿਤੀ ਦੇ ਚੰਦ ਨੂੰ 'ਕਮਰ' ਨਹੀਂ ਕਹਿ ਸਕਦੇ । ਉਸਦਾ ਨਾਂ ਤਾਂ 'ਹਿਲਾਲ' ਹੈ । ਹਦੀਸ ਵਿੱਚ 'ਕਮਰ' ਦਾ ਸ਼ਬਦ ਹੈ ਨ ਕਿ 'ਹਿਲਾਲ' ਦਾ ਸ਼ਬਦ । ਇਸ ਲਈ ਹਦੀਸ ਦੇ ਇਹ ਅਰਥ ਹਨ ਕਿ ਚੰਦ ਨੂੰ ਉਸ ਪਹਿਲੀ ਰਾਤ ਵਿੱਚ ਗ੍ਰਹਿਣ ਲੱਗੇਗਾ ਜੋ ਉਸਦੇ ਗ੍ਰਹਿਣ ਦੀਆਂ ਰਾਤਾਂ ਵਿੱਚੋਂ ਪਹਿਲੀ ਰਾਤ ਹੈ ਅਰਥਾਤ ਮਹੀਨਿ ਦੀ ਤੇਰ੍ਹਵੀਂ ਰਾਤ । ਸੂਰਜ ਨੂੰ ਵਿਚਕਾਰਲੇ ਦਿਨ ਗ੍ਰਹਿਣ ਲੱਗੇਗਾ ਅਰਥਾਤ 28 ਨੂੰ ਜੋ ਉਸਦੇ ਗ੍ਰਹਿਣ ਦੇ ਦਿਨਾਂ ਵਿੱਚੋਂ ਵਿਚਕਾਰਲਾ ਦਿਨ ਹੈ ।[7]

ਫਿਰ ਇਹ ਨਾਦਾਨ ਮੌਲਵੀ ਇਸ ਸਹੀ ਅਰਥਾਂ ਨੂੰ ਸੁਣਕੇ ਬਹੁਤ ਸ਼ਰਮਿੰਦੇ ਹੋਏ । ਫਿਰ ਜਾਣਬੁਝ ਕੇ ਇਹ ਦੂਜਾ ਉਜ਼ਰ ਬਣਾਇਆ ਕਿ ਲੋਕਾਂ

---

[7] ਇਹ ਕੁਦਰਤ ਦਾ ਕਾਨੂਨ ਹੈ ਕਿ ਚੰਦ ਗ੍ਰਹਿਣ ਲਈ ਮਹੀਨਿ ਦੀਆਂ ਤਿੰਨ ਰਾਤਾਂ ਨੀਯਤ ਹਨ ਅਰਥਾਤ ਤੇਰ੍ਹਵੀਂ (13) ਚੋਦਵੀਂ (14) ਤੇ ਪੰਦ੍ਰਵੀਂ (15) ਰਾਤ । ਹਮੇਸ਼ਾਂ ਹੀ ਚੰਦ ਗ੍ਰਹਿਣ ਇਹਨਾਂ ਤਿੰਨਾਂ ਰਾਤਾਂ ਵਿੱਚੋਂ ਕਿਸੇ ਇਕ ਰਾਤ ਵਿੱਚ ਲਗਦਾ ਹੈ । ਇਸ ਲਈ ਇਸ ਹਿਸਾਬ ਨਾਲ ਚੰਦ ਗ੍ਰਹਿਣ ਦੀ ਪਹਿਲੀ ਰਾਤ ਤੇਰ੍ਹਵੀਂ ਰਾਤ ਹੈ ਜਿਸ ਵੱਲ ਹਦੀਸ ਦਾ ਸੰਕੇਤ ਹੈ । ਇਸੇ ਪ੍ਰਕਾਰ ਸੂਰਜ ਗ੍ਰਹਿਣ ਦੇ ਦਿਨ ਮਹੀਨਿ ਦਾ ਸਤਾਈਵਾਂ (27) ਅਠਾਈਵਾਂ (28) ਤੇ ਉਨੱਤੀਵਾਂ (29) ਬਣਦੇ ਹਨ । ਇਸ ਲਈ ਇਸ ਹਿਸਾਬ ਨਾਲ ਸੂਰਜ ਗ੍ਰਹਿਣ ਦਾ ਵਿਚਕਾਰਲਾ ਦਿਨ ਅਠਾਈਵਾਂ ਹੈ ਅਤੇ ਇਸੇ ਦਿਨ ਗ੍ਰਹਿਣ ਲੱਗਿਆ । ਲੇਖਕ ।

ਵਿੱਚੋਂ ਰਿਵਾਇਤ ਵਰਨਣ ਕਰਨ ਵਾਲਾ ਇਕ ਚੰਗਾ ਮਨੁੱਖ ਨਹੀਂ ਹੈ । ਉਸ ਸਮੇਂ ਉਹਨਾਂ ਨੂੰ ਕਿਹਾ ਗਿਆ ਕਿ ਜੱਦ ਹਦੀਸ ਦੀ ਪੇਸ਼ਗੋਈ (ਭਵਿੱਖਬਾਣੀ) ਪੂਰੀ ਹੋ ਗਈ ਤਾਂ ਫਿਰ ਜਿਰਹ (ਹੁਜੱਤਬਾਜ਼ੀ) ਕਿਸ ਸੰਦੇਹ ਉਪੱਰ, ਇਸ ਵਿਸ਼ਵਸਨੀ ਘਟਨਾ ਦੇ ਮੁਕਾਬਲੇ'ਤੇ ਜੋ ਹਦੀਸ ਦੀ ਪੱਕਿਆਈ ਲਈ ਇਕ ਠੋਸ ਪ੍ਰਮਾਣ ਹੈ ਕੁਝ ਵੀ ਨਹੀਂ । ਅਰਥਾਤ ਇਸ ਪੇਸ਼ਗੋਈ ਦਾ ਪੂਰਾ ਹੋਣਾ ਇਹ ਗਵਾਹੀ ਦੇ ਰਿਹਾ ਹੈ ਕਿ ਇਹ ਇਕ ਸੱਚੇ ਦਾ ਕਲਾਮ ਹੈ । ਹੁਣ ਇਹ ਆਖਣਾ ਕਿ ਉਹ ਸੱਚਾ ਨਹੀਂ ਸਗੋਂ ਝੂਠਾ ਹੈ ਸਪਸ਼ਟ ਇਨਕਾਰ ਕਰਨਾ ਹੈ ਅਤੇ ਹਮੇਸ਼ਾਂ ਤੋਂ ਹੀ ਹਦੀਸਾਂ ਦੇ ਵਰਨਣ ਕਰਨ ਵਾਲਿਆਂ ਦਾ ਇਹੋ ਉਸੂਲ ਹੈ ਕਿ ਉਹ ਕਹਿੰਦੇ ਹਨ ਕਿ ਸੰਦੇਹ ਵਿਸ਼ਵਾਸ ਨੂੰ ਦੂਰ ਨਹੀਂ ਕਰ ਸਕਦਾ । ਪੇਸ਼ਗੋਈ ਦਾ ਆਪਣੇ ਅਰਥਾਂ ਅਨੁਸਾਰ ਇਕ ਮਹਦੀ ਦੇ ਦਾਵੇ ਸਮੇਂ ਪੂਰਾ ਹੋ ਜਾਣਾ ਇਸ ਗੱਲ ਉਪੱਰ ਯਕੀਨੀ ਗਵਾਹੀ ਹੈ ਕਿ ਜਿਸ ਮੁੱਖੋਂ ਇਹ ਸ਼ਬਦ ਨਿਕਲੇ ਸਨ, ਉਸਨੇ ਸੱਚ ਬੋਲਿਆ ਹੈ । ਪਰ ਇਹ ਕਹਿਣਾ ਕਿ ਉਸਦੇ ਚਾਲ ਚਲਨ ਵਿੱਚ ਸਾਨੂੰ ਇਤਰਾਜ਼ ਹੈ, ਇਹ ਸ਼ੰਕਾ ਵਾਲੀ ਗੱਲ ਹੈ ਅਤੇ ਕਦੇ ਝੂਠਾ ਵੀ ਸੱਚ ਬੋਲ ਜਾਂਦਾ ਹੈ । ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਇਹ ਪੇਸ਼ਗੋਈ ਹੋਰ ਢੰਗ ਨਾਲ ਵੀ ਸਾਬਤ ਹੈ ਅਤੇ ਹਨਫ਼ੀਆਂ (ਇਕ ਇਸਲਾਮੀ ਫ਼ਿਰਕਾ) ਦੇ ਕੁਝ ਵਡੇਰਿਆਂ ਨੇ ਵੀ ਇਸਨੂੰ ਲਿੱਖਿਆ ਹੈ ਤਾਂ ਫਿਰ ਇਨਕਾਰ ਇੰਸਾਫ਼ ਦੀ ਸ਼ਰਤ ਨਹੀਂ ਸਗੋਂ ਕੇਵਲ ਹੱਠ ਧਰਮੀ ਹੈ । ਇਸ ਮੂੰਹ ਤੋੜ ਉਤੱਰ ਮਗਰੋਂ ਉਹਨਾਂ ਨੂੰ ਇਹ ਤਾਂ ਆਖਣਾ ਪਿਆ ਕਿ ਇਹ ਹਦੀਸ ਤਾਂ ਸਹੀ ਹੈ ਅਤੇ ਇਸ ਤੋਂ ਇਹੋ ਸਮਝਿਆ ਜਾਂਦਾ ਹੈ ਕਿ ਛੇਤੀ ਹੀ ਇਮਾਮ ਮਹਦੀ ਪ੍ਰਗਟ ਹੋਣਗੇ, ਪਰ ਇਹ ਮਨੁੱਖ ਉਹ ਇਮਾਮ ਮਹਦੀ ਨਹੀ ਹੈ ਸਗੋਂ ਉਹ ਹੋਰ ਹੋਵੇਗਾ ਜੋ ਇਸਦੇ ਮਗਰੋਂ ਪ੍ਰਗਟ ਹੋਵੇਗਾ । ਪਰ ਉਹਨਾਂ ਦਾ ਇਹ ਉਤੱਰ ਵੀ ਫੁਸਫੁਸਾ ਤੇ ਝੂਠਾ ਸਿੱਧ ਹੋਇਆ ਕਿਉਂਕਿ ਜੇਕਰ ਕੋਈ ਹੋਰ ਇਮਾਮ ਹੁੰਦਾ ਤਾਂ ਜਿਵੇਂ ਕਿ ਹਦੀਸ ਦਾ ਭਾਵ ਹੈ ਕਿ ਉਹ ਇਮਾਮ ਸਦੀ ਦੇ ਸਿਰੇ ਉਪੱਰ ਆਉਣਾ ਚਾਹੀਦਾ ਸੀ । ਪਰ ਸਦੀ ਤੋਂ ਵੀ ਪੰਦ੍ਰਾਂ (15) ਵਰ੍ਹੇ ਲੰਘ ਗਏ ਅਤੇ ਕੋਈ ਇਮਾਮ ਉਹਨਾਂ ਦਾ ਪ੍ਰਗਟ ਨਹੀਂ ਹੋਇਆ । ਹੁਣ ਉਹਨਾਂ ਲੋਕਾਂ

ਵੱਲੋਂ ਅੰਤਮ ਇਹ ਉੱਤਰ ਹੈ ਕਿ ਇਹ ਲੋਕ ਕਾਫ਼ਰ ਹਨ ਇਹਨਾਂ ਦੀਆਂ ਕਿਤਾਬਾਂ ਨਾ ਦੇਖੋ, ਇਹਨਾਂ ਨਾਲ ਮੇਲ ਮਿਲਾਪ ਨਾ ਰੱਖੋ, ਇਹਨਾਂ ਦੀ ਗੱਲ ਨਾ ਸੁਣੋ ਇਹਨਾਂ ਦੀਆਂ ਗੱਲਾਂ ਦਿਲਾਂ ਉਪੱਰ ਪ੍ਰਭਾਵ ਪਾਉਂਦੀਆਂ ਹਨ । ਪਰ ਕਿੰਨ੍ਹੀ ਸਿੱਖਿਆ ਲੈਣ ਦੀ ਥਾਂ ਹੈ ਕਿ ਆਸਮਾਨ ਵੀ ਉਹਨਾਂ ਦੇ ਖਿਲਾਫ਼ ਹੋ ਗਿਆ ਅਤੇ ਧਰਤੀ ਦੀ ਵਰਤਮਾਨ ਹਾਲਤ ਵੀ ਉਹਨਾਂ ਦੇ ਵਿਰੁਧ ਹੋ ਗਈ । ਇਹ ਉਹਨਾਂ ਦੀ ਕਿੰਨ੍ਹੀ ਜਿਲੱਤ ਹੈ ਕਿ ਇਕ ਪਾਸੇ ਤਾਂ ਆਕਾਸ਼ ਉਹਨਾਂ ਦੇ ਵਿਰੁਧ ਗਵਾਹੀ ਦੇ ਰਿਹਾ ਹੈ ਅਤੇ ਇਕ ਪਾਸੇ ਧਰਤੀ ਸਲੀਬੀ ਗ਼ਲਬੇ ਕਾਰਣ ਗਵਾਹੀ ਦੇ ਰਹੀ ਹੈ । ਆਕਾਸ਼ ਦੀ ਗਵਾਹੀ ਦਾਰਕੁਤਨੀ ਆਦਿ ਕਿਤਾਬਾਂ ਵਿੱਚ ਮਜੂਦ ਹੈ ਅਰਥਾਤ ਰਮਜ਼ਾਨ ਦੇ ਵਿੱਚ ਖ਼ਸੂਫ਼ੋ ਕਸੂਫ਼ ਅਤੇ ਧਰਤੀ ਦੀ ਗਵਾਹੀ ਸਲੀਬੀ ਗ਼ਲਬਾ (ਅਰਥਾਤ ਈਸਾਈਆਂ ਦਾ ਸਾਰੀ ਦੁਨੀਆ ਉਪੱਰ ਛਾ ਜਾਣਾ) ਹੈ, ਜਿਸਦੇ ਗ਼ਲਬੇ ਵਿੱਚ ਮਸੀਹ ਮਉਦ ਦਾ ਆਉਣਾ ਜ਼ਰੂਰੀ ਸੀ । ਜਿਵੇਂ ਕਿ ਸਹੀ ਬੁਖ਼ਾਰੀ ਵਿੱਚ ਇਹ ਹਦੀਸ ਮਜੂਦ ਹੈ । ਇਹ ਦੋਵੇਂ ਗਵਾਹੀਆਂ ਸਾਡੇ ਪੱਖ ਵਿੱਚ ਹਨ ਅਤੇ ਉਹਨਾਂ ਦੇ ਵਿਰੁਧ ਹਨ । ਇਸੇ ਪ੍ਰਕਾਰ ਲੇਖਰਾਮ ਦੀ ਮੌਤ ਦਾ ਜੋ ਚਮਤਕਾਰ ਪ੍ਰਗਟ ਹੋਇਆ ਉਸਨੇ ਵੀ ਕੁਝ ਘੱਟ ਲੱਜਿਤ ਨਹੀਂ ਕੀਤਾ । ਅਜਿਹਾ ਹੀ ਸਰਬ ਧਰਮ ਸੰਮੇਲਨ ਅਰਥਾਤ ਕੌਮਾਂ ਦਾ ਧਾਰਮਕ ਜਲਸਾ ਜਿਸ ਵਿੱਚ ਸਾਡਾ ਲੇਖ ਚਮਤਕਾਰ ਵੱਜੋਂ ਗ਼ਾਲਬ ਰਿਹਾ, ਸਗੋਂ ਇਹ ਘਟਨਾ ਸਮੇਂ ਤੋਂ ਪਹਿਲਾਂ ਇਲਹਾਮ ਹੋਕੇ ਇਸ਼ਤਿਹਾਰਾਂ ਰਾਹੀਂ ਪ੍ਰਕਾਸ਼ਤ ਕਰ ਦਿੱਤੀ ਗਈ ਸੀ । ਕਾਸ਼ ! ਜੇਕਰ ਅਬਦੁਲੱਾਹ ਆਥਮ ਹੀ ਜੀਉਂਦਾ ਰਹਿੰਦਾ ਤਾਂ ਮੀਆਂ ਮੁਹਮੱਦ ਹੁਸੈਨ ਬਟਾਲਵੀ ਅਤੇ ਉਸਦੇ ਸਮਰਥਕਾਂ ਦੇ ਹੱਥਾਂ ਵਿੱਚ ਝੂਠੀਆਂ ਕਲਪਨਾਵਾਂ ਦੀ ਕੁਝ ਗੁੰਜਾਇਸ਼ (ਸਮਰਥਾ) ਰਹਿੰਦੀ । ਪਰ ਆਥਮ ਵੀ ਛੇਤੀ ਮਰਕੇ ਉਹਨਾਂ ਲੋਕਾਂ ਨੂੰ ਬਰਬਾਦ ਕਰ ਗਿਆ । ਜੱਦ ਤੱਕ ਉਹ ਚੁੱਪ ਰਿਹਾ ਜੀਉਂਦਾ ਰਿਹਾ ਅਤੇ ਫਿਰ ਮੂੰਹ ਖੋਲਦਿਆਂ ਹੀ ਇਲਹਾਮੀ ਸ਼ਰਤ ਨੇ ਉਸਨੂੰ ਘੇਰ ਲਿਆ । ਖ਼ੁਦਾ ਤਆਲਾ ਨੇ ਇਲਹਾਮੀ ਸ਼ਰਤ ਅਨੁਸਾਰ ਉਸਨੂੰ ਉਮਰ ਦਿੱਤੀ ਅਤੇ ਜਿਵੇਂ ਹੀ ਉਸਨੇ ਝੁਠਲਾਉਣਾ ਸ਼ੁਰੂ ਕੀਤਾ ਉਸੇ ਸਮੇਂ ਉਸਨੂੰ ਕਰੜੇ ਕਸ਼ਟਾਂ ਨੇ ਅਜਿਹਾ

ਫੜਿਆ ਕਿ ਬਹੁਤ ਹੀ ਛੇਤੀ ਉਸਦੇ ਜੀਵਨ ਦਾ ਖ਼ਾਤਮਾ ਕਰ ਦਿੱਤਾ । ਪਰ ਕਿਉਂਕਿ ਇਹ ਜ਼ਿਲੱਤ ਕੁਝ ਨਾਦਾਨ ਮੌਲਵੀਆਂ ਨੂੰ ਅਨੁਭਵ ਨਹੀਂ ਹੋਈ ਸੀ ਅਤੇ ਸ਼ਰਤੀ ਪੇਸ਼ਗੋਈ ਨੂੰ ਕੇਵਲ ਸ਼ਰਾਰਤ ਨਾਲ ਉਹਨਾਂ ਨੇ ਇਓਂ ਦੇਖਿਆ ਜਿਵੇਂ ਇਸ ਨਾਲ ਕੋਈ ਸ਼ਰਤ ਨਹੀਂ ਸੀ । ਆਥਮ ਦੀ ਹੈਰਾਨੀ ਜਨਕ ਤੇ ਮੂੰਹ ਬੰਦ ਜੀਵਨ ਤੋਂ ਜੋ ਪੇਸ਼ਗੋਈ ਦੇ ਦਿਨਾਂ ਵਿੱਚ ਸਪਸ਼ਟ ਤੌਰ'ਤੇ ਰਿਹੀ ਉਹਨਾਂ ਨੇ ਈਮਾਨਦਾਰੀ ਨਾਲ ਕੋਈ ਸਿੱਟਾ ਨਾ ਕੱਢਿਆ । ਅਤੇ ਜੱਦ ਆਥਮ ਨੂੰ ਕਸਮ ਲਈ ਬੁਲਾਇਆ ਗਿਆ ਤੇ ਨਾਲਿਸ਼ (ਵਾਦ ਵਿਵਾਦ) ਲਈ ਉਕਸਾਇਆ ਗਿਆ, ਇਸ'ਤੇ ਉਹ ਇਨਕਾਰ ਨਾਲ ਕੰਨਾ ਉਪੱਰ ਹੱਥ ਰੱਖਦਾ ਰਿਹਾ ਪਰ ਇਹਨਾਂ ਸਾਰੀਆਂ ਗਲੱਾਂ ਤੋਂ ਉਹਨਾਂ ਨੂੰ ਕੋਈ ਹਿਦਾਇਤ ਨਾ ਮਿਲੀ । ਇਸ ਲਈ ਰੱਬ ਨੇ ਜੋ ਆਪਣੇ ਚਮਤਕਾਰਾਂ ਨੂੰ ਸੰਦੇਹ ਵਿੱਚ ਨਹੀਂ ਛੱਡਣਾ ਚਾਹੁੰਦਾ, ਲੇਖਰਾਮ ਦੀ ਪੇਸ਼ਗੋਈ ਨੂੰ ਜਿਸਦੇ ਨਾਲ ਕੋਈ ਸ਼ਰਤ ਨਹੀਂ ਸੀ ਅਤੇ ਜਿਸ ਵਿੱਚ ਮਿਤੀ, ਦਿਨ ਅਤੇ ਮੌਤ ਦੀ ਅਵਸਥਾ ਅਰਥਾਤ ਕਿਵੇਂ ਮਰੇਗਾ ਸਭ ਕੁਝ ਵਰਨਣ ਕੀਤਾ ਗਿਆ ਸੀ ਦਲੀਲਾਂ ਦੀ ਪ੍ਰਮਾਣਿਕਤਾ ਲਈ ਪੂਰਨ ਸਪਸ਼ਟਤਾ ਨਾਲ ਉਸਨੂੰ ਪੂਰਾ ਕੀਤਾ । ਪਰ ਦੁੱਖ ਦੀ ਗੱਲ ਹੈ ਕਿ ਰੱਬ ਦੇ ਇਸ ਖੁੱਲੇ ਤੇ ਸਪਸ਼ਟ ਚਮਤਕਾਰ ਨਾਲ ਵੀ ਕੋਈ ਲਾਭ ਨਾ ਚੁਕਿਆ । ਸਪਸ਼ਟ ਹੈ ਕਿ ਜੇਕਰ ਮੈਂ ਝੂਠਾ ਹੁੰਦਾ ਤਾਂ ਲੇਖਰਾਮ ਦੀ ਪੇਸ਼ਗੋਈ ਮੇਰੀ ਜ਼ਿਲੱਤ ਲਈ ਬਹੁਤ ਚੰਗਾ ਮੌਕਾ ਸੀ । ਕਿਉਂਕਿ ਇਸ ਦੇ ਨਾਲ ਕੋਈ ਸ਼ਰਤ ਨਹੀਂ ਸੀ ਅਤੇ ਇਸ ਵਿੱਚ ਸਾਫ਼ ਤੌਰ'ਤੇ ਪੇਸ਼ਗੋਈ ਦੇ ਨਾਲ ਮੈਂ ਆਪਣਾ ਇਕਰਾਰ ਲਿਖਕੇ ਪ੍ਰਕਾਸ਼ਤ ਕਰ ਦਿੱਤਾ ਸੀ ਕਿ ਜੇਕਰ ਇਹ ਪੇਸ਼ਗੋਈ ਝੂਠੀ ਨਿਕਲੀ ਤਾਂ ਮੈਂ ਝੂਠਾ ਹਾਂ ਅਤੇ ਹਰ ਇਕ ਦੰਡ ਤੇ ਜਿਲੱਤ ਦਾ ਸਜ਼ਾਵਾਰ ਹਾਂ । ਇਸ ਲਈ ਜੇਕਰ ਮੈਂ ਝੂਠਾ ਹੁੰਦਾ ਤਾਂ ਅਜਿਹੇ ਸਮੇਂ ਜੱਦ ਕਿ ਕਸਮਾਂ ਖਾਕੇ ਇਹ ਪੇਸ਼ਗੋਈ ਜੋ ਕਿ ਕੋਈ ਸ਼ਰਤ ਨਹੀਂ ਰੱਖਦੀ ਸੀ ਪ੍ਰਕਾਸ਼ਤ ਕੀਤੀ ਗਈ ਸੀ । ਅਵਸ਼ ਸੀ ਕਿ ਰੱਬ ਮੈਨੂੰ ਨਿੰਦਿਤ ਕਰਦਾ । ਮੇਰਾ ਅਤੇ ਮੇਰੀ ਜਮਾਤ ਦਾ ਨਾਂ ਨਿਸ਼ਾਨ ਵੀ ਮਿਟਾ ਦਿੰਦਾ, ਪਰ ਰੱਬ ਨੇ ਅਜਿਹਾ

ਨਹੀਂ ਕੀਤਾ ਸਗੋਂ ਉਸਨੇ ਮੇਰੀ ਇਜ਼ੱਤ ਪ੍ਰਗਟ ਕੀਤੀ । ਜਿੰਨ੍ਹਾਂ ਲੋਕਾਂ ਨੇ ਮੂਰਖਤਾ ਨਾਲ ਆਥਮ ਬਾਰੇ ਕੀਤੀ ਗਈ ਪੇਸ਼ਗੋਈ ਨੂੰ ਨਹੀਂ ਸਮਝਿਆ ਸੀ ਉਹਨਾਂ ਦੇ ਦਿਲਾਂ ਵਿੱਚ ਵੀ ਇਸ ਪੇਸ਼ਗੋਈ ਨਾਲ ਰੌਸ਼ਨੀ ਪਾਈ । ਕੀ ਇਹ ਸੋਚਣ ਦੀ ਥਾਂ ਨਹੀਂ ਕਿ ਅਜਿਹੀ ਪੇਸ਼ਗੋਈ ਜਿਸਦੇ ਨਾਲ ਕੋਈ ਵੀ ਸ਼ਰਤ ਨਹੀਂ ਸੀ, ਜਿਸਦੇ ਖਾਲੀ ਜਾਣ ਨਾਲ ਮੇਰੀ ਸਾਰੀ ਬੇੜੀ ਗ਼ਰਕ ਹੋਣੀ ਸੀ ਰੱਬ ਨੇ ਕਿਉਂ ਮੇਰੀ ਮਦਦ ਕੀਤੀ ਅਤੇ ਕਿਉਂ ਇਸ ਨੂੰ ਪੂਰਿਆਂ ਕਰਕੇ ਸੈਂਕੜਿਆਂ ਦਿਲਾਂ ਵਿੱਚ ਮੇਰੀ ਮੁਹਬੱਤ ਪੈਦਾ ਕੀਤੀ । ਇੱਥੋਂ ਤੱਕ ਕਿ ਕੁਝ ਕਰੜੇ ਦੁਸ਼ਮਨਾਂ ਨੇ ਰੋਂਦਿਆਂ ਹੋਇਆਂ ਆਣ ਕਰਕੇ ਬੈਅਤ ਕੀਤੀ । ਜੇਕਰ ਇਹ ਪੇਸ਼ਗੋਈ ਪੂਰੀ ਨਾ ਹੁੰਦੀ ਤਾਂ ਮੀਆਂ ਬਟਾਲਵੀ ਸਾਹਬ ਆਪ ਸੋਚ ਲੈਣ ਕਿ ਕਿੰਨ੍ਹੇ ਜ਼ੋਰ ਸ਼ੋਰ ਨਾਲ ਉਹ ਇਸ਼ਾਅਤੁੱਸੁੰਨਹ ਵਿੱਚ ਮੇਰੇ ਝੂਠੇ ਹੋਣ ਦੇ ਲੇਖ ਲਿਖਦੇ ਅਤੇ ਉਸਦਾ ਦੁਨੀਆ ਉਪੱਰ ਕੀ ਪ੍ਰਭਾਵ ਹੁੰਦਾ ਕੀ ਕੋਈ ਸੋਚ ਸਕਦਾ ਹੈ ਕਿ ਰੱਬ ਨੇ ਅਜਿਹੇ ਮੌਕੇ'ਤੇ ਬਟਾਲਵੀ ਤੇ ਉਹਨਾਂ ਦੇ ਸਮਰਥਕਾਂ ਨੂੰ ਸ਼ਰਮਿੰਦਿਆਂ ਤੇ ਜ਼ਲੀਲ ਕੀਤਾ । ਕੀ ਕੁਰਆਨ ਵਿੱਚ ਨਹੀਂ ਹੈ ਕਿ ਰੱਬ ਲਿੱਖ ਚੁੱਕਿਆ ਹੈ ਕਿ ਉਹ ਮੋਮਨਾਂ ਨੂੰ ਗ਼ਾਲਬ ਕਰਦਾ ਹੈ । ਕੀ ਜੇਕਰ ਇਹ ਪੇਸ਼ਗੋਈ ਜੋ ਇਕ ਕਿਣਕਾ ਵੀ ਸ਼ਰਤ ਆਪਣੇ ਨਾਲ ਨਹੀਂ ਰੱਖਦੀ ਸੀ ਅਤੇ ਇਕ ਵੱਡੇ ਮੁਖ਼ਾਲਫ਼ ਦੇ ਹੱਕ ਵਿੱਚ ਸੀ ਜੋ ਮੇਰੇ'ਤੇ ਦੰਦ ਪੀਂਹਦਾ ਸੀ ਝੂਠੀ ਨਿਕਲਦੀ ਤਾਂ ਕੀ ਇਸ ਸਪਸ਼ਟ ਫ਼ੈਸਲੇ ਮਗਰੋਂ ਮੇਰਾ ਕੁਝ ਬਾਕੀ ਰਹਿ ਜਾਂਦਾ ਅਤੇ ਕੀ ਇਹ ਸਹੀ ਨਹੀਂ ਹੈ ਕਿ ਇਸ ਪੇਸ਼ਗੋਈ ਦੇ ਝੂਠਾ ਨਿਕਲਣ 'ਤੇ ਸ਼ੇਖ਼ ਮੁਹਮੱਦ ਹੁਸੈਨ ਬਟਾਲਵੀ ਨੂੰ ਹਜ਼ਾਰ ਈਦ ਦੀ ਖ਼ੁਸ਼ੀ ਹੁੰਦੀ ਅਤੇ ਉਹ ਆਪਣੇ ਲੇਖਾਂ ਨੂੰ ਤਰ੍ਹਾਂ ਤਰ੍ਹਾਂ ਦੇ ਠੱਠੇ ਅਤੇ ਹਾਸੇ ਦਾ ਰੰਗ ਦੇਕੇ ਰਸਾਲੇ ਨੂੰ ਕੱਢਦਾ ਅਤੇ ਕਈ ਜਲਸੇ ਕਰਦਾ । ਪਰ ਹੁਣ ਪੇਸ਼ਗੋਈ ਸੱਚੀ ਨਿਕਲਣ ਉਪੱਰ ਉਸਨੇ ਕੀ ਕੀਤਾ? ਕੀ ਇਹ ਸੱਚ ਨਹੀਂ ਕਿ ਉਸਨੇ ਖ਼ੁਦਾ ਦੇ ਇਕ ਮਹਾਨ ਕੰਮ ਨੂੰ ਇਕ ਰੱਦੀ ਚੀਜ਼ ਵਾਂਗ ਸੁੱਟ ਦਿੱਤਾ ਅਤੇ ਆਪਣੇ ਮਨਹੂਸ (ਅਸ਼ੁਭ) ਰਸਾਲੇ ਵਿੱਚ ਇਹ ਸੰਕੇਤ ਕੀਤਾ ਕਿ ਲੇਖਰਾਮ ਦਾ ਕਾਤਲ ਇਹੋ

ਮਨੁੱਖ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਮੈਂ ਕਿਸੇ ਮਨੁੱਖੀ ਸਾਧਨ ਰਾਹੀਂ ਕਾਤਲ ਨਹੀਂ ਹਾਂ ਆਸਮਾਨੀ ਸਾਧਨਾਂ ਨਾਲ ਅਰਥਾਤ ਦੁਆਵਾਂ ਨਾਲ ਕਾਤਲ ਹਾਂ ਅਤੇ ਉਹ ਵੀ ਇਸਦੀ ਬੇਨਤੀ ਅਤੇ ਦਰਖ਼ਾਸਤ ਮਗਰੋਂ । ਮੈਂ ਕਦੇ ਇੱਛਾ ਨਹੀਂ ਕੀਤੀ ਕਿ ਇਸ ਲਈ ਬਦ ਦੁਆ ਕਰਾਂ ਪਰ ਇਸਨੇ ਆਪ ਇੱਛਾ ਪ੍ਰਗਟਾਈ । ਇਸ ਲਈ ਮੈਂ ਇਸਦਾ ਉਸੇ ਪ੍ਰਕਾਰ ਕਾਤਲ ਹਾਂ ਜਿਵੇਂ ਸਾਡੇ ਨਬੀ ਕਰੀਮ ਹਜ਼ਰਤ ਮੁਹਮੱਦ ਸਲਲੱਾਹੋ ਅਲੈਹਿ ਵਸਲੱਮ ਖ਼ੁਸਰੋ ਪ੍ਰਵੇਜ਼ ਸ਼ਾਹੇ ਈਰਾਨ ਦੇ ਕਾਤਲ ਸਨ । ਭਾਵ ਇਹ ਕਿ ਲੇਖਰਾਮ ਦਾ ਮੁਕਦੱਮਾ ਮੁਹਮੱਦ ਹੁਸੈਨ 'ਤੇ ਹੁਜੱਤ (ਤਰਕ) ਪੂਰੀ ਕਰ ਗਿਆ ਅਤੇ ਇਸੇ ਪ੍ਰਕਾਰ ਉਸਦੇ ਭਰਾਵਾਂ ਉਪੱਰ ਵੀ ।

ਫਿਰ ਇਸਦੇ ਬਾਦ ਡਾਕਟਰ ਕਲਾਰਕ ਦੇ ਮੁਕਦੱਮੇ ਵਿੱਚ ਰੱਬ ਦਾ ਚਮਤਕਾਰ ਪ੍ਰਗਟ ਹੋਇਆ ਅਤੇ ਉਹ ਪੇਸ਼ਗੋਈ ਪੂਰੀ ਹੋਈ ਜੋ ਅੰਤਲੇ ਨਿਰਣੈ ਤੋਂ ਪਹਿਲਾਂ ਸੈਂਕੜਿਆਂ ਲੋਕਾਂ ਵਿੱਚ ਫੈਲ ਚੁਕੀ ਸੀ । ਇਸ ਮੁਕਦੱਮੇ ਵਿੱਚ ਸ਼ੇਖ ਬਟਾਲਵੀ ਨੂੰ ਉਹ ਜਿਲੱਤ ਚੁੱਕਣੀ ਪਈ ਕਿ ਜੇਕਰ ਉਸਦਾ ਸੁਭਾਗ ਮਦਦ ਕਰਦਾ ਤਾਂ ਬਿਨਾਂ ਦੇਰੀ ਕੀਤਿਆਂ ਸਿੱਖਿਆ ਲੈਂਦੇ ਹੋਏ ਤੌਬਾ ਕਰਦਾ । ਉਸ'ਤੇ ਪੂਰੀ ਤਰ੍ਹਾਂ ਖੁੱਲ ਚੁਕਾ ਸੀ ਕਿ ਖ਼ੁਦਾ ਨੇ ਕਿਸ ਦੀ ਮਦਦ ਕੀਤੀ ਹੈ ।

ਚੇਤੇ ਰਹੇ ਕਿ ਕਲਾਰਕ ਦੇ ਮੁਕਦੱਮੇ ਵਿੱਚ ਮੁਹਮੱਦ ਹੁਸੈਨ ਨੇ ਈਸਾਈਆਂ ਨਾਲ ਰੱਲਕੇ ਮੇਰੀ ਤਬਾਹੀ ਲਈ ਨਹੁੰਆ ਤੱਕ ਜ਼ੋਰ ਲਾਇਆ ਸੀ ਅਤੇ ਮੈਂਨੂੰ ਜ਼ਲੀਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਸੀ । ਅੰਤ ਮੇਰੇ ਰੱਬ ਨੇ ਮੈਂਨੂੰ ਬਰੀ ਕੀਤਾ । ਐਨ ਕਚਹਿਰੀ ਵਿੱਚ ਕੁਰਸੀ ਮੰਗਣ'ਤੇ ਉਹ ਜ਼ਿਲੱਤ ਉਸਨੂੰ ਪ੍ਰਾਪਤ ਹੋਈ ਜਿਸ ਨਾਲ ਇਕ ਸ਼ਰੀਫ਼ ਵਿਅਕਤੀ ਸ਼ਰਮ ਦੇ ਮਾਰੇ ਮਰ ਸਕਦਾ ਹੈ । ਇਹ ਇਕ ਸੱਚੇ ਦੀ ਜ਼ਿਲੱਤ ਦੀ ਇੱਛਾ ਕਰਨ ਦਾ ਸਿੱਟਾ ਹੈ । ਕੁਰਸੀ ਦੀ ਬੇਨਤੀ ਕਰਨ 'ਤੇ ਡਿਪਟੀ ਕਮਿਸ਼ਨਰ ਸਾਹਬ ਨੇ ਝਿੜਕਿਆ ਅਤੇ ਕਿਹਾ ਕਿ ਕੁਰਸੀ ਨ ਕਦੇ ਤੈਨੂੰ ਮਿਲੀ ਨ ਤੇਰੇ ਬਾਪ ਨੂੰ । ਅਤੇ ਝਿੜਕੀਆਂ ਮਾਰ

ਕੇ ਪਿਛਾਂ ਹਟਾ ਦਿੱਤਾ ਅਤੇ ਕਿਹਾ ਕਿ ਸਿੱਧਾ ਖੜਾ ਹੋ ਜਾ । ਇਸ ਮੌਤ ’ਤੇ ਹੋਰ ਮੌਤ ਇਹ ਹੋਈ ਕਿ ਇਹਨਾ ਝਿੜਕੀਆਂ ਸਮੇਂ ਇਹ ਨਿਮਾਣਾ ਡਿਪਟੀ ਕਮਿਸ਼ਨਰ ਸਾਹਬ ਦੇ ਨੇੜੇ ਹੀ ਕੁਰਸੀ ਉਪੱਰ ਬੈਠਾ ਹੋਇਆ ਸੀ ਜਿਸਦੀ ਜ਼ਿਲੱਤ ਉਹ ਦੇਖਣ ਆਇਆ ਸੀ । ਮੈਂਨੂੰ ਕੋਈ ਲੋੜ ਨਹੀ ਕਿ ਮੈਂ ਇਸ ਘਟਨਾ ਨੂੰ ਵਾਰ ਵਾਰ ਲਿੱਖਾਂ । ਕਚਹਿਰੀ ਦੇ ਅਫ਼ਸਰ ਮੌਜੂਦ ਹਨ ਉਹਨਾ ਦਾ ਸਾਰਾ ਅਮਲਾ ਮੌਜੂਦ ਹੈ ਪੁਛੱਣ ਵਾਲੇ ਉਹਨਾਂ ਨੂੰ ਪੁੱਛ ਲੈਣ । ਹੁਣ ਪ੍ਰਸ਼ਨ ਤਾਂ ਇਹ ਹੈ ਕਿ ਖ਼ੁਦਾ ਤਆਲਾ ਦਾ ਕੁਰਆਨ ਸ਼ਰੀਫ਼ ਵਿੱਚ ਵਾਦਾ ਹੈ ਕਿ ਉਹ ਮੋਮਨਾ ਦੀ ਮਦਦ ਕਰਦਾ ਹੈ ਅਤੇ ਉਹਨਾ ਨੂੰ ਇਜ਼ੱਤ ਦਿੰਦਾ ਹੈ । ਝੂਠਿਆਂ ਅਤੇ ਦਜੱਾਲਾਂ(ਫਰੇਬੀਆਂ) ਨੂੰ ਜ਼ਲੀਲ ਕਰਦਾ ਹੈ । ਫਿਰ ਇਹ ਉਲਟੀ ਗੰਗਾ ਕਿਉਂ ਵਹਿਣ ਲੱਗੀ ਕਿ ਹਰ ਇਕ ਖੇਤਰ ਵਿੱਚ ਮੁਹਮੱਦ ਹੁਸੈਨ ਨੂੰ ਹੀ ਜ਼ਿਲੱਤ, ਨਿੰਦਿਆ ਤੇ ਬੇਇਜ਼ੱਤੀ ਨਸੀਬ ਹੁੰਦੀ ਗਈ । ਕੀ ਖ਼ੁਦਾ ਤਆਲਾ ਦਾ ਆਪਣੇ ਪਿਆਰਿਆਂ ਨਾਲ ਇਹੋ ਬਰਤਾਓ ਹੈ । ਹੁਣ ਟੈਕਸ ਦੇ ਮੁਕਦੱਮੇ ਵਿੱਚ ਸ਼ੇਖ਼ ਬਟਾਲਵੀ ਸਾਹਬ ਦੀ ਇਹ ਖ਼ੁਸ਼ੀ ਸੀ ਕਿ ਕਿਸੇ ਪ੍ਰਕਾਰ ਟੈਕਸ ਲੱਗ ਜਾਵੇ ਤਾਂ ਜੋ ਇਸੇ ਵਿਸ਼ੇ ਨੂੰ ਲੰਮਾ ਚੋੜਾ ਕਰਕੇ ਆਪਣੇ ਰਸਾਲੇ ਇਸ਼ਾਤੁਸੁੱਨਹ ਦੀ ਰੌਣਕ ਬਣਾਵਾਂ ਤਾਂ ਜੋ ਪਹਿਲੀਆਂ ਜਿਲੱਤਾਂ ਉਪੱਰ ਕਿਸੇ ਹੱਦ ਤੱਕ ਪਰਦਾ ਪੈ ਸਕੇ । ਪਰ ਉਹ ਇਸ ਵਿੱਚ ਵੀ ਨਾਮੁਰਾਦ ਤੇ ਅਸਫ਼ਲ ਰਿਹਾ । ਸਪਸ਼ਟ ਰੂਪ ਵਿੱਚ ਮੁਆਫ਼ੀ ਦਾ ਆਰਡਰ ਆ ਗਿਆ । ਰੱਬ ਇਸ ਮੁਕਦੱਮੇ ਨੂੰ ਅਜਿਹੇ ਹਾਕਮਾਂ ਦੇ ਹੱਥ ਵਿੱਚ ਦਿੱਤਾ ਜਿੰਨ੍ਹਾਂ ਨੇ ਸਚੱਾਈ ਤੇ ਈਮਾਨਦਾਰੀ ਨਾਲ ਨਿਆਂ ਨੂੰ ਪੂਰਾ ਕਰਨਾ ਸੀ । ਇਸ ਪ੍ਰਕਾਰ ਬਦਨਸੀਬ ਤੇ ਦੁਰਵਿਚਾਰ ਇਸ ਹਮਲੇ ਵਿੱਚ ਵਾਂਝਿਆਂ ਹੀ ਰਿਹਾ । ਖ਼ੁਦਾ ਤਆਲਾ ਦਾ ਹਜ਼ਾਰਾਂ ਵਾਰੀ ਸ਼ੁਕਰਾਨਾ ਕਿ ਉਸਨੇ ਨਿਆਪੂਰਨ ਹਾਕਮਾਂ ਉਪੱਰ ਅਸਲ ਹਕੀਕਤ ਖੋਲ ਦਿੱਤੀ । ਇਸ ਥਾਂ ਸਾਨੂੰ ਜਨਾਬ ਮਿਸਟਰ ਟੀ ਡਿਕਸਨ ਸਾਹਬ ਡਿਪਟੀ ਕਮਿਸ਼ਨਰ, ਜ਼ਿਲਾ ਗੁਰਦਾਸਪੁਰ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜਿੰਨ੍ਹਾ ਦੇ ਮਨ ’ਤੇ ਰੱਬ ਨੇ

ਅਸਲ ਹਕੀਕਤ ਖੋਲ ਦਿੱਤੀ । ਇਹਨਾਂ ਹੀ ਕਾਰਣਾ ਕਰਕੇ ਅਸੀਂ ਅਰੰਭ ਤੋਂ ਹੀ ਅੰਗ੍ਰੇਜ਼ੀ ਰਾਜ ਤੇ ਹਾਕਮਾਂ ਦੇ ਧੰਨਵਾਦੀ ਹਾਂ ਕਿ ਉਹ ਇੰਸਾਫ਼ ਨੂੰ ਪਹਿਲ ਦਿੰਦੇ ਹਨ । ਕਪਤਾਨ ਡਿਗਲਸ ਸਾਹਬ ਸਾਬਕਾ ਕਮਿਸ਼ਨਰ ਨੇ ਡਾਕਟਰ ਕਲਾਰਕ ਦੇ ਫ਼ੌਜਦਾਰੀ ਮੁਕਦੱਮੇ ਵਿੱਚ ਅਤੇ ਮਿਸਟਰ ਟੀ ਡਿਕਸਨ ਸਾਹਬ ਨੇ ਇੰਕਮ ਟੈਕਸ ਦੇ ਮੁਕਦੱਮੇ ਵਿੱਚ ਸਾਨੂੰ ਅੰਗ੍ਰੇਜ਼ੀ ਅਦਾਲਤ ਨੇ ਹੱਕ ਪਸੰਦੀ ਦੇ ਦੋ ਅਜਿਹੇ ਨਮੂਨੇ ਦਿੱਤੇ ਹਨ ਜਿੰਨ੍ਹਾ ਨੂੰ ਅਸੀਂ ਕਦੇ ਵੀ ਭੁੱਲ ਨਹੀ ਸਕਦੇ । ਕਿਉਂਕਿ ਕਪਤਾਨ ਡਿਗਲਸ ਸਾਹਬ ਦੇ ਸਾਹਮਣੇ ਉਹ ਨਾਜ਼ੁਕ ਮੁਕਦੱਮਾ ਆਇਆ ਸੀ ਜਿਸਦਾ ਫਰਯਾਦੀ ਇਕ ਮਾਨਯੋਗ ਈਸਾਈ ਸੀ, ਜਿਸਦੀ ਮਦਦ ਵਿੱਚ ਸੰਭਵਤਾ ਸਾਰੇ ਪੰਜਾਬ ਦੇ ਪਾਦਰੀ ਸਨ । ਪਰ ਉਪਰੋਕਤ ਸ਼੍ਰੀਮਾਨ ਜੀ ਨੇ ਇਸ ਗੱਲ ਦੀ ਕੁਝ ਵੀ ਪਰਵਾਹ ਨਹੀਂ ਕੀਤੀ ਕਿ ਇਹ ਮੁਕਦੱਮਾ ਕਿਸ ਵੱਲੋਂ ਹੈ ਅਤੇ ਪੂਰੇ ਨਿਆਏ ਪੂਰਬਕ ਢੰਗ ਨਾਲ ਕੰਮ ਲਿਆ ਅਤੇ ਮੈਨੂੰ ਬਰੀ ਕੀਤਾ । ਜਿਹੜਾ ਮੁਕਦੱਮਾ ਹੁਣ ਮਿਸਟਰ ਟੀ ਡਿਕਸਨ ਸਾਹਬ ਦੇ ਸਾਹਮਣੇ ਪੇਸ਼ ਹੋਇਆ ਇਹ ਵੀ ਨਾਜ਼ੁਕ ਸੀ ਕਿਓਂਕਿ ਟੈਕਸ ਦੀ ਮੁਆਫ਼ੀ ਵਿੱਚ ਸਰਕਾਰ ਦੀ ਹਾਨੀ ਹੈ । ਪਰ ਉਪੱਰ ਵਰਨਣ ਸਾਹਬ ਨੇ ਵੀ ਪੂਰੀ ਤਰ੍ਹਾਂ ਨਿਆਂ ਪੂਰਬਕ ਕੇਵਲ ਇੰਸਾਫ਼ ਨਾਲ ਕੰਮ ਲਿਆ । ਮੇਰੀ ਸਮਝ ਅਨੁਸਾਰ ਇਸ ਪ੍ਰਕਾਰ ਦੇ ਅਧਿਕਾਰੀ ਸਰਕਾਰ ਦੀ ਪ੍ਰਜਾ ਪਰਵਰੀ, ਨੇਕਨੀਤੀ, ਉਸੂਲ ਅਤੇ ਇੰਸਾਫ਼ ਦੇ ਪ੍ਰਤਖ ਨਮੂਨੇ ਹਨ । ਵਾਸਤਵ ਵਿੱਚ ਇਹੋ ਗੱਲ ਸੀ ਜਿਸ ਗੱਲ ਤੱਕ ਮਿਸਟਰ ਟੀ ਡਿਗਸਨ ਸਾਹਬ ਦੀ ਉੱਚੀ ਸੋਚ ਪਹੁੰਚ ਗਈ । ਇਸ ਲਈ ਅਸੀਂ ਸ਼ੁਕਰਾਨਾ ਵੀ ਕਰਦੇ ਹਾਂ ਅਤੇ ਦੁਆ ਵੀ । ਇਸ ਥਾਂ ਮੁਨਸ਼ੀ ਤਾਜ ਦੀਨ ਸਾਹਬ ਤਹਿਸੀਲਦਾਰ ਤਹਿਸੀਲ ਬਟਾਲਾ ਦੀ ਮਿਹਨਤ ਅਤੇ ਤਫ਼ਤੀਸ਼ ਵੀ ਵਰਨਣ ਯੋਗ ਹੈ । ਜਿੰਨ੍ਹਾ ਨੇ ਇੰਸਾਫ਼ ਅਤੇ ਸਚੱਾਈ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਘਟਨਾ ਨੂੰ ਸ਼ੀਸ਼ੇ ਵਾਂਗ ਉੱਚ ਅਧਿਕਾਰੀਆਂ ਨੂੰ ਦਿਖਾ ਦਿੱਤਾ । ਇਸ ਪ੍ਰਕਾਰ ਠੀਕ ਠੀਕ ਅਸਲੀਯਤ ਤੱਕ ਪਹੁੰਚਣ ਲਈ ਉੱਚ ਅਧਿਕਾਰੀਆਂ ਦੀ ਮਦਦ ਕੀਤੀ । ਹੁਣ

ਉਹ ਮੁਕਦੱਮਾ ਅਰਥਾਤ ਤਹਿਸੀਲਦਾਰ ਸਾਹਬ ਦੀ ਰਾਏ ਅਤੇ ਡਿਪਟੀ ਕਮਿਸ਼ਨਰ ਸਾਹਬ ਦਾ ਅਖ਼ੀਰ ਹੁਕੁਮ ਲਿੱਖਿਆ ਜਾਂਦਾ ਹੈ ।

ਨਕਲ ਰਿਪੋਰਟ ਮੁੰਸ਼ੀ ਤਾਜਦੀਨ ਸਾਹਬ ਤਹਿਸੀਲਦਾਰ ਪਰਗਨਾ ਬਟਾਲਾ ਜ਼ਿਲਾ ਗੁਰਦਾਸਪੁਰ, ਮੁਕਦੱਮਾ ਉਜ਼ਰਦਾਰੀ ਟੈਕਸ ਸੰਜੁਕਤ ਮਿਸਲ ਇਜਲਾਸ ਮਿਸਟਰ ਟੀ ਡਿਕਸਨ ਸਾਹਬ ਡਿਪਟੀ ਕਮਿਸ਼ਨਰ ਬਹਾਦਰ ।

ਮਰਜੂਆ (ਪਰਤਾਇਆ ਗਿਆ) 20 ਜੂਨ 98 ਈ.

ਫ਼ੈਸਲਾ 17 ਸਤੰਬਰ 98 ਈ. ਨੰਬਰ ਬਸਤਾ ਅਜ਼ ਮੁਹਕਮਾ

ਮੁਕਦੱਮਾ ਨੰਬਰ 55/46

ਮਿਸਲ ਉਜ਼ਰਦਾਰੀ ਇੰਕਮ ਟੈਕਸ ਮੁਸਮੀ ਮਿਰਜ਼ਾ ਗ਼ੁਲਾਮ ਅਹਮਦ ਪੁਤੱਰ ਗ਼ੁਲਾਮ ਮੁਰਤਜ਼ਾ, ਜਾਤ –ਮੁਗ਼ਲ, ਵਾਸੀ – ਕਾਦੀਆ,

ਤਹਿਸੀਲ – ਬਟਾਲਾ, ਜ਼ਿਲਾ ਗੁਰਦਾਸਪੁਰ

ਸੇਵਾ ਵਿਖੇ,

ਸ਼੍ਰੀ ਮਾਨ ਜੀ ਡਿਪਟੀ ਕਮਿਸ਼ਨਰ ਸਾਹਬ ਬਹਾਦੁਰ,

ਜ਼ਿਲਾ ਗੁਰਦਾਸਪੁਰ ।

ਸ਼੍ਰੀ ਮਾਨ ਜੀ,

ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਉਪੱਰ ਇਸ ਸਾਲ ਇਕ ਸੌ ਸਤਾਸੀ ਰੁਪਏ ਅੱਠ ਆਨੇ (187.50) ਇੰਕਮ ਟੈਕਸ ਲੱਗਾ ਸੀ, ਇਸ ਤੋਂ ਪਹਿਲਾਂ ਮਿਰਜ਼ਾ ਗ਼ੁਲਾਮ ਅਹਮਦ ਉਪੱਰ ਕਦੇ ਵੀ ਟੈਕਸ ਨਹੀਂ ਲੱਗਾ । ਕਿਉਂਕਿ ਇਹ ਟੈਕਸ ਨਵਾਂ ਲਗਾਇਆ ਗਿਆ ਸੀ । ਮਿਰਜ਼ਾ ਗ਼ੁਲਾਮ ਅਹਮਦ ਨੇ ਇਸ'ਤੇ ਅਦਾਲਤ ਵਿੱਚ ਉਜ਼ਰਦਾਰੀ ਦਾਇਰ ਕੀਤੀ ਜੋ ਦਰਯਾਫ਼ਤ ਕਰਨ'ਤੇ ਮੁਹਕਮੇ ਦੇ ਸੁਪੁਰਦ ਹੋਈ । ਇਸ ਤੋਂ ਪਹਿਲਾਂ ਕਿ ਇੰਕਮ ਟੈਕਸ ਬਾਰੇ ਜੋ

ਤਹਿਕੀਕ ਕੀਤੀ ਗਈ ਹੈ ਉਸਦਾ ਵਰਨਣ ਕੀਤਾ ਜਾਵੇ ਚੰਗਾ ਹੋਵੇਗਾ ਕਿ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਬਾਰੇ ਹਜ਼ੂਰ ਦੀ ਸੇਵਾ ਵਿੱਚ ਕੁਝ ਵਰਨਣ ਕੀਤਾ ਜਾਵੇ ਤਾਂ ਜੋ ਮਲੂਮ ਹੋਵੇ ਕਿ ਉਜ਼ਰਦਾਰ ਕੌਣ ਹੈ ਅਤੇ ਕਿਸ ਪਧੱਰ ਦਾ ਮਨੁੱਖ ਹੈ । ਮਿਰਜ਼ਾ ਗ਼ੁਲਾਮ ਅਹਮਦ ਇਕ ਪੁਰਾਣੇ ਮਾਨਯੋਗ ਮੁਗ਼ਲ ਪਰਿਵਾਰ ਵਿੱਚੋਂ ਹੈ ਜੋ ਪਿੰਡ ਕਾਦੀਆਂ ਵਿੱਚ ਚਿਰ ਤੋਂ ਵੱਸਿਆ ਹੋਇਆ ਹੈ । ਇਸਦਾ ਪਿਤਾ ਮਿਰਜ਼ਾ ਗ਼ੁਲਾਮ ਮੁਰਤਜ਼ਾ ਇਜ਼ੱਤਦਾਰ ਜ਼ਮੀਂਦਾਰ ਸੀ ਅਤੇ ਕਾਦੀਆਂ ਦਾ ਰਈਸ ਸੀ ਉਸਨੇ ਆਪਣੇ ਮਗਰ ਉਚਿਤ ਜਾਇਦਾਦ ਛੱਡੀ ਹੈ । ਉਸ ਵਿੱਚੋਂ ਕੁਝ ਜਾਇਦਾਦ ਤਾਂ ਮਿਰਜ਼ਾ ਗ਼ੁਲਾਮ ਅਹਮਦ ਕੋਲ ਹੁਣ ਵੀ ਹੈ ਅਤੇ ਕੁਝ ਮਿਰਜ਼ਾ ਸੁਲਤਾਨ ਪੁਤੱਰ ਮਿਰਜ਼ਾ ਗ਼ੁਲਾਮ ਅਹਮਦ ਦੇ ਕੋਲ ਹੈ ਜੋ ਉਸਨੂੰ ਮਿਰਜ਼ਾ ਗ਼ੁਲਾਮ ਕਾਦਰ ਮਰਹੂਮ ਦੀ ਪਤਨੀ ਰਾਹੀਂ ਮਿਲੀ ਹੈ । ਇਹ ਜਾਇਦਾਦ ਅਧਿਕਤਰ ਖੇਤੀ ਬਾਗ਼ ਤੇ ਅਤੇ ਦਿਹਾਤੀ ਜ਼ਿਮੀਂਦਾਰੀ ਹੈ । ਕਿਉਂਕਿ ਮਿਰਜ਼ਾ ਗ਼ੁਲਾਮ ਮੁਰਤਜ਼ਾ ਇਕ ਇਜ਼ੱਤਦਾਰ ਰਈਸ ਵਿਅਕਤੀ ਸੀ ਸੰਭਵ ਹੈ ਓਸਨੇ ਬਹੁਤ ਸਾਰੀ ਨਕਦੀ ਤੇ ਗਹਿਣੇ ਵੀ ਛੱਡੇ ਹੋਣ । ਪਰ ਅਜਿਹੀ ਅਚਲ ਜਾਇਦਾਦ ਬਾਰੇ ਤਸੱਲੀ ਬਖ਼ਸ਼ ਗਵਾਹੀ ਨਹੀਂ ਮਿਲੀ । ਮਿਰਜ਼ਾ ਗ਼ੁਲਾਮ ਅਹਮਦ ਅਰੰਭਕ ਦਿਨਾਂ ਵਿੱਚ ਆਪ ਮੁਲਾਜ਼ਮਤ ਕਰਦਾ ਰਿਹਾ ਹੈ ਅਤੇ ਉਸਦਾ ਕਰਮ ਹਮੇਸ਼ਾਂ ਇਸ ਪ੍ਰਕਾਰ ਰਿਹਾ ਹੈ ਕਿ ਉਸਤੋਂ ਆਸ ਨਹੀਂ ਹੋ ਸਕਦੀ ਕਿ ਉਸਨੇ ਆਪਣੀ ਆਮਦਨੀ ਜਾਂ ਆਪਣੇ ਪਿਤਾ ਦੀ ਜਾਇਦਾਦ, ਨਕਦੀ ਤੇ ਗਹਿਣਿਆਂ ਨੂੰ ਨਸ਼ਟ ਕੀਤਾ ਹੋਵੇ । ਜੋ ਅਚਲ ਜਾਇਦਾਦ ਪਿਤਾ ਵੱਲੋਂ ਵਾਰਸ ਹੋਣ ਕਰਕੇ ਉਸਨੂੰ ਮਿਲੀ ਹੈ ਉਹ ਤਾਂ ਹੁਣ ਵੀ ਮਜੂਦ ਹੈ । ਪਰ ਅਚਲ ਜਾਇਦਾਦ ਬਾਰੇ ਠੋਸ ਪ੍ਰਮਾਣ ਨਹੀਂ ਮਿਲ ਸਕੇ । ਪਰ ਫਿਰ ਵੀ ਮਿਰਜ਼ਾ ਗ਼ੁਲਾਮ ਅਹਮਦ ਦੇ ਹਾਲਾਤਾਂ ਦੇ ਪੱਖੋਂ ਇਹ ਸੰਤੋਖ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਵੀ ਉਸਨੇ ਨਸ਼ਟ ਨਹੀਂ ਕੀਤੀ । ਕੁਝ ਸਮੇਂ ਤੋਂ ਮਿਰਜ਼ਾ ਗ਼ੁਲਾਮ ਅਹਮਦ ਨੇ ਮੁਲਾਜ਼ਮਤ ਆਦਿ ਛੱਡ ਕੇ ਆਪਣੇ ਧਰਮ ਵੱਲ ਧਿਆਨ ਕੀਤਾ ਅਤੇ ਇਸ ਗੱਲ ਦਾ ਹਮੇਸ਼ਾਂ ਜਤਨ ਕਰਦਾ ਰਿਹਾ ਕਿ ਇਕ ਧਾਰਮਕ ਲੀਡਰ

ਮੰਨਿਆ ਜਾਵੇ । ਉਸਨੇ ਕੁਝ ਧਾਰਮਕ ਕਿਤਾਬਾਂ ਪ੍ਰਕਾਸ਼ਤ ਕੀਤੀਆਂ ਰਸਾਲੇ ਲਿਖੇ ਅਤੇ ਵਿਚਾਰਾਂ ਦਾ ਪ੍ਰਗਟਾਵਾ ਇਸ਼ਤਿਹਾਰਾਂ ਰਾਹੀਂ ਕੀਤਾ । ਇਸ ਪ੍ਰਕਾਰ ਉਸਦੀ ਸਾਰੀ ਕਾਰਵਾਈ ਦਾ ਇਹ ਸਿੱਟਾ ਹੋਇਆ ਕਿ ਕੁਝ ਸਮੇਂ ਤੋਂ ਵਿਅਕਤੀਆਂ ਦਾ ਦਲ ਜਿਸ ਦੀ ਸੂਚੀ (ਅੰਗ੍ਰੇਜ਼ੀ ਭਾਸ਼ਾ ਵਿੱਚ) ਨਾਲ ਨੱਥੀ ਹੈ । ਇਸ ਫ਼ਿਰਕੇ ਵਿੱਚ ਸੂਚੀ ਅਨੁਸਾਰ 318 ਲੋਕ ਹਨ ਜਿਹਨਾਂ ਵਿੱਚ ਨਿਰਸੰਦੇਹ ਕੁਝ ਵਿਅਕਤੀ ਜਿੰਨ੍ਹਾ ਦੀ ਗਿਣਤੀ ਬਹੁਤੀ ਨਹੀਂ ਇਜ਼ਤੱਦਾਰ ਤੇ ਵਿਦਵਾਨ ਹਨ । ਜੱਦ ਮਿਰਜ਼ਾ ਗ਼ੁਲਾਮ ਅਹਮਦ ਦਾ ਫ਼ਿਰਕਾ ਕੁਝ ਵੱਧ ਗਿਆ ਤਾਂ ਉਸਨੇ ਆਪਣੀ ਕਿਤਾਬ ਫ਼ਤਿਹ ਇਸਲਾਮ ਅਤੇ ਤੌਜ਼ੀਹ ਮਰਾਮ ਵਿੱਚ ਆਪਣੇ ਉਦੇਸ਼ਿਆਂ ਨੂੰ ਪੂਰਾ ਕਰਨ ਲਈ ਆਪਣੇ ਪੈਰੋਕਾਰਾਂ ਤੋਂ ਚੰਦੇ ਦੀ ਬਿਨਤੀ ਕੀਤੀ ਅਤੇ ਉਹਨਾਂ ਵਿੱਚ ਪੰਜ ਮਦਾਂ (ਲੇਖਾ ਸ਼ੀਰਸ਼, ਵਿਭਾਗਾਂ) ਦਾ ਵਰਨਣ ਕੀਤਾ ਜਿੰਨ੍ਹਾ ਲਈ ਚੰਦੇ ਦੀ ਲੋੜ ਹੈ । ਕਿਉਂਕਿ ਮਿਰਜ਼ਾ ਗ਼ੁਲਾਮ ਅਹਮਦ ਦੇ ਮੁਰੀਦਾਂ ਦੀ ਉਸ'ਤੇ ਆਸਥਾ ਹੋ ਗਈ ਹੌਲ੍ਹੀ ਹੌਲ੍ਹੀ ਉਹਨਾਂ ਨੇ ਚੰਦਾ ਭੇਜਣਾ ਸ਼ੁਰੂ ਕੀਤਾ ਅਤੇ ਆਪਣੀਆਂ ਚਿੱਠੀਆਂ ਵਿੱਚ ਕਈ ਵਾਰ ਨਿਸ਼ਚਿਤ ਕਰ ਦਿੱਤਾ ਕਿ ਉਹਨਾਂ ਦਾ ਚੰਦਾ ਇਹਨਾਂ ਪੰਜ ਮਦਾਂ ਵਿੱਚੋਂ ਫਲਾਣੀ ਮਦ ਵਿੱਚ ਲਾਇਆ ਜਾਵੇ ਅਤੇ ਕਈ ਵਾਰੀ ਮਿਰਜ਼ਾ ਗ਼ੁਲਾਮ ਅਹਮਦ ਦੀ ਮਰਜ਼ੀ ਉਪੱਰ ਛੱਡ ਦਿੱਤਾ ਕਿ ਜਿਸ ਮਦ ਵਿੱਚ ਜ਼ਰੂਰੀ ਸਮਝਣ ਖਰਚ ਕਰਨ । ਸੋ, ਬਿਆਨ ਮਿਰਜ਼ਾ ਗ਼ੁਲਾਮ ਅਹਮਦ ਅਤੇ ਗਵਾਹਾਂ ਦੇ ਪ੍ਰਮਾਣ ਅਨੁਸਾਰ ਚੰਦੇ ਦੇ ਪੈਸਿਆਂ ਦਾ ਹਾਲ ਇਸੇ ਪ੍ਰਕਾਰ ਹੁੰਦਾ ਹੈ । ਭਾਵ ਇਹ ਕਿ ਇਸ ਸਮੇਂ ਇਹ ਫ਼ਿਰਕਾ ਇਕ ਧਾਰਮਕ ਸੁਸਾਇਟੀ ਦੇ ਰੂਪ ਵਿੱਚ ਹੈ ਜਿਸਦਾ ਲੀਡਰ ਮਿਰਜ਼ਾ ਗ਼ੁਲਾਮ ਅਹਮਦ ਹੈ ਅਤੇ ਬਾਕੀ ਸਾਰੇ ਪੈਰੋਕਾਰ ਹਨ ਜੋ ਆਪਸੀ ਚੰਦੇ ਰਾਹੀਂ ਆਪਣੀ ਸੁਸਾਇਟੀ ਦੇ ਉਦੇਸ਼ਿਆਂ ਨੂੰ ਸਹਿਮਤੀ ਨਾਲ ਪੂਰਾ ਕਰਦੇ ਹਨ । ਜਿਹੜੀਆਂ ਪੰਜ ਮਦਾਂ ਦਾ ਉਪੱਰ ਵਰਨਣ ਹੋਇਆ ਹੈ ਉਹ ਹੇਠਾਂ ਦਰਜ ਹਨ ।

ਪਹਿਲੀ : ਮਹਿਮਾਨ ਖ਼ਾਨਾ (ਅਤਿਥਿ ਗ੍ਰਹਿ) ਜਿੰਨ੍ਹੇ ਲੋਕ ਮਿਰਜ਼ਾ ਗ਼ੁਲਾਮ ਅਹਮਦ ਦੇ ਕੋਲ ਕਾਦੀਆਂ ਆਉਂਦੇ ਹਨ ਭਾਵੇਂ ਉਹ ਮੁਰੀਦ ਹੋਣ ਜਾਂ

ਨਾ ਹੋਣ ਪਰ ਉਹ ਧਾਰਮਕ ਖੋਜ ਲਈ ਆਏ ਹੋਣ ਉਹਨਾਂ ਨੂੰ ਉੱਥੇ ਖਾਣਾ ਮਿਲਦਾ ਹੈ ਅਤੇ ਲਿੱਖਤੀ ਬਿਆਨ ਅਨੁਸਾਰ ਮੁਖ਼ਤਾਰ ਮਿਰਜ਼ਾ ਗ਼ੁਲਾਮ ਅਹਮਦ ਇਸ ਮਦ ਦੇ ਚੰਦੇ ਵਿੱਚੋਂ ਯਾਤਰੂਆਂ, ਯਤੀਮਾਂ ਤੇ ਵਿਧਵਾਵਾਂ ਦੀ ਮਦਦ ਕੀਤੀ ਜਾਂਦੀ ਹੈ ।

ਦੂਜੀ ਮਦ : ਮਤਬਅ (ਪ੍ਰਕਾਸ਼ਨ) : ਇਸ ਵਿੱਚ ਧਾਰਮਕ ਕਿਤਾਬਾਂ ਅਤੇ ਇਸ਼ਤਿਹਾਰ ਛਾਪੇ ਜਾਂਦੇ ਹਨ ਅਤੇ ਕਈ ਵਾਰ ਲੋਕਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ ।

ਤੀਜੀ ਮਦ : ਮਦਰਸਾ (ਸਿੱਖਿਆ ਵਿਭਾਗ) : ਮਿਰਜ਼ਾ ਗ਼ੁਲਾਮ ਅਹਮਦ ਦੇ ਮੁਰੀਦਾਂ ਵੱਲੋਂ ਇਕ ਮਦਰਸਾ ਕਾਇਮ ਕੀਤਾ ਗਿਆ ਹੈ ਪਰ ਉਸਦੀ ਇਸ ਸਮੇਂ ਅਰੰਭਕ ਅਵਸਥਾ ਹੈ । ਉਸਦਾ ਪ੍ਰਬੰਧ ਮੌਲਵੀ ਨੂਰੁੱਦੀਨ ਦੇ ਸੁਪੁਰਦ ਹੈ ਜੋ ਮਿਰਜ਼ਾ ਗ਼ੁਲਾਮ ਅਹਮਦ ਦਾ ਇਕ ਵਿਸ਼ੇਸ਼ ਮੁਰੀਦ ਹੈ ।

ਚੌਥੀ ਮਦ : ਸਾਲਾਨਾ ਜਲਸਾ ਅਤੇ ਹੋਰ ਜਲਸੇ : ਇਸ ਫਿਰਕੇ ਦੇ ਸਾਲਾਨਾ ਜਲਸੇ ਵੀ ਹੁੰਦੇ ਹਨ ਅਤੇ ਇਹਨਾਂ ਜਲਸਿਆਂ ਨੂੰ ਸਿਰੇ ਚੜ੍ਹਾਉਣ ਲਈ ਚੰਦਾ ਲਿਆ ਜਾਂਦਾ ਹੈ ।

ਪੰਜਵੀ ਮਦ : ਪਤੱਰਾਚਾਰ : ਲਿੱਖਤੀ ਬਿਆਨ ਅਨੁਸਾਰ ਮੁਖ਼ਤਾਰ ਮਿਰਜ਼ਾ ਗ਼ੁਲਾਮ ਅਹਮਦ ਅਤੇ ਗਵਾਹਾਂ ਦੇ ਪ੍ਰਮਾਣ ਅਨੁਸਾਰ ਇਸ ਵਿੱਚ ਬਹੁਤ ਸਾਰਾ ਪੈਸਾ ਖ਼ਰਚ ਹੁੰਦਾ ਹੈ । ਧਾਰਮਕ ਖੋਜ ਲਈ ਜਿੰਨ੍ਹਾ ਪਤੱਰਾਚਾਰ ਹੁੰਦਾ ਹੈ ਉਸਦੇ ਲਈ ਮੁਰੀਦਾਂ ਕੋਲੋਂ ਚੰਦਾ ਲਿਆ ਜਾਂਦਾ ਹੈ । ਭਾਵ ਇਹ ਕਿ ਗਵਾਹਾਂ ਦੇ ਬਿਆਨ ਅਨੁਸਾਰ ਇਹਨਾਂ ਪੰਜ ਮਦਾਂ ਵਿੱਚੋਂ ਚੰਦੇ ਦਾ ਪੈਸਾ ਖ਼ਰਚ ਹੁੰਦਾ ਹੈ । ਇਹਨਾਂ ਸਾਧਨਾਂ ਰਾਹੀਂ ਮਿਰਜ਼ਾ ਗ਼ੁਲਾਮ ਅਹਮਦ ਆਪਣੇ ਮੁਰੀਦਾਂ ਸਣੇ ਆਪਣੇ ਧਾਰਮਕ ਵਿਚਾਰਾਂ ਦਾ ਪ੍ਰਚਾਰ ਕਰਦਾ ਹੈ । ਇਹ ਸੁਸਾਇਟੀ ਇਕ ਧਾਰਮਕ ਸੰਗਤ ਹੈ । ਕਿਉਂਕਿ ਹਜ਼ੂਰ ਨੂੰ ਇਸ ਫਿਰਕੇ ਬਾਰੇ ਪਹਿਲਾਂ ਤੋਂ ਹੀ ਗਿਆਨ ਹੈ ਇਸ ਲਈ ਸੰਖੇਪ ਜਿਹੇ ਵਰਨਣ 'ਤੇ ਗੱਲ ਮੁਕਦੀ ਕੀਤੀ ਜਾਂਦੀ ਹੈ ਅਤੇ ਹੁਣ ਅਸਲ ਦਰਖ਼ਾਸਤ ਉਜ਼ਰਦਾਰੀ ਬਾਰੇ ਬੇਨਤੀ ਕੀਤੀ ਜਾਂਦੀ ਹੈ ।

ਮਿਰਜ਼ਾ ਗ਼ੁਲਾਮ ਅਹਮਦ 'ਤੇ ਇਸ ਸਾਲ 7200 ਰੁਪਏ ਉਸਦੀ ਸਾਲਾਨਾ ਆਮਦਨੀ ਕਰਾਰ ਦੇਕੇ ਇਕ ਸੌ ਸਥਾਸੀ ਰੁਪਏ ਅੱਠ ਆਨੇ (187.50) ਇੰਕਮ ਟੈਕਸ ਨਿਰਧਾਰਤ ਕੀਤਾ ਗਿਆ ਹੈ । ਉਸਦੀ ਉਜ਼ਰਦਾਰੀ ਉਪੱਰ ਉਸਦਾ ਆਪਣਾ ਵਿਸ਼ੇਸ਼ ਬਿਆਨ ਪਿੰਡ ਕਾਦੀਆਂ ਵਿੱਚ ਜੱਦ ਕਿ ਨਾਰੀਜ਼ ਆਪਣੀ ਫੇਰੀ ਵਿੱਚ ਉਸ ਵੱਲ ਗਿਆ, ਲਿਆ ਗਿਆ । ਤੇਰ੍ਹਾਂ ਗਵਾਹਾਂ ਦੀ ਸ਼ਹਾਦਤ ਕਲਮਬੰਦ ਕੀਤੀ ਗਈ । ਮਿਰਜ਼ਾ ਗ਼ੁਲਾਮ ਅਹਮਦ ਨੇ ਆਪਣੇ ਹਲਫ਼ੀਆ ਬਿਆਨ ਵਿੱਚ ਲਿੱਖਵਾਇਆ ਕਿ ਉਸਨੂੰ ਤਾਅਲੁੱਕਾ, ਜ਼ਿਮੀਨ ਤੇ ਬਾਗ਼ ਦੀ ਆਮਦਨੀ ਹੈ । ਤਾਅਲੁੱਕਾਦਾਰੀ ਦੀ ਸਾਲਾਨਾ ਆਮਦਨੀ ਲਗਭਗ ਬਿਆਸੀ ਰੁਪਏ ਦੱਸ ਆਨੇ (82.60) ਦੀ, ਜ਼ਮੀਨ ਦੀ ਲਗਭਗ ਤਿੰਨ ਸੌ ਰੁਪਏ ਸਾਲਾਨਾ ਦੀ ਅਤੇ ਬਾਗ਼ ਦੀ ਸਾਲਾਨਾ ਆਮਦਨੀ ਲਗਭਗ ਦੋ ਸੌ, ਤਿੰਨ ਸੌ, ਚਾਰ ਸੌ ਹੱਦ ਦਰਜਾ ਪੰਜ ਸੌ ਰੁਪਏ ਆਮਦਨੀ ਹੁੰਦੀ ਹੈ । ਇਸ ਤੋਂ ਬਿਨਾਂ ਉਸਨੂੰ ਹੋਰ ਕਿਸੇ ਪ੍ਰਕਾਰ ਦੀ ਆਮਦਨੀ ਨਹੀਂ ਹੈ । ਮਿਰਜ਼ਾ ਗ਼ੁਲਾਮ ਅਹਮਦ ਨੇ ਇਹ ਵੀ ਬਿਆਨ ਦਿੱਤਾ ਕਿ ਉਸਨੂੰ ਲਗਭਗ ਪੰਜ ਹਜ਼ਾਰ ਦੋ ਸੌ ਰੁਪਏ ਸਾਲਾਨਾ ਮੁਰੀਦਾਂ ਵੱਲੋਂ ਇਸ ਸਾਲ ਪਹੁੰਚਿਆ ਹੈ, ਨਹੀਂ ਤਾਂ ਔਸਤ ਆਮਦਨੀ ਲਗਭਗ ਚਾਰ ਹਜ਼ਾਰ ਰੁਪਏ ਦੇ ਹੁੰਦੀ ਹੈ । ਉਹ ਪੰਜ ਮਦਾਂ ਜਿੰਨ੍ਹਾ ਦਾ ਉਪੱਰ ਵਰਨਣ ਕੀਤਾ ਗਿਆ ਹੈ ਖਰਚ ਹੁੰਦੀ ਹੈ । ਉਹ ਜ਼ਾਤੀ ਖਰਚ ਵਿੱਚ ਨਹੀਂ ਆਉਂਦੀ । ਖਰਚ ਅਤੇ ਆਮਦਨੀ ਦਾ ਕੋਈ ਨੀਯਮ ਅਨੁਸਾਰ ਹਿਸਾਬ ਨਹੀਂ ਹੈ । ਕੇਵਲ ਚੇਤੇ ਅਨੁਸਾਰ ਲਗਭਗ ਲਿੱਖਵਾਇਆ ਹੈ । ਮਿਰਜ਼ਾ ਗ਼ੁਲਾਮ ਅਹਮਦ ਨੇ ਇਹ ਵੀ ਬਿਆਨ ਦਿੱਤਾ ਕਿ ਉਸਦੀ ਜ਼ਾਤੀ ਆਮਦਨੀ ਬਾਗ਼, ਜ਼ਮੀਨ ਤੇ ਜ਼ਿਮੀਂਦਾਰੀ ਉਸਦੇ ਖਰਚ ਲਈ ਬਹੁਤ ਹੈ ਅਤੇ ਉਸਨੂੰ ਕੁਝ ਲੋੜ ਨਹੀਂ ਹੈ ਕਿ ਉਹ ਮੁਰੀਦਾਂ ਦਾ ਪੈਸਾ ਜ਼ਾਤੀ ਖਰਚ ਵਿੱਚ ਲਿਆਏ । ਗਵਾਹਾਂ ਦੀ ਸ਼ਹਾਦਤ ਵੀ ਮਿਰਜ਼ਾ ਗ਼ੁਲਾਮ ਅਹਮਦ ਦੇ ਬਿਆਨ ਦਾ ਪੱਖ ਪੂਰਦੀ ਹੈ ਅਤੇ ਬਿਆਨ ਕੀਤਾ ਜਾਂਦਾ ਹੈ ਕਿ ਮੁਰੀਦ ਖ਼ੈਰਾਤ ਵੱਜੋਂ ਉਪੱਰ ਵਰਨਣ ਪੰਜੇ ਮਦਾਂ ਵਿੱਚ ਰੁਪਏ ਮਿਰਜ਼ਾ ਗ਼ੁਲਾਮ ਅਹਮਦ ਨੂੰ ਭੇਜਦੇ ਹਨ ਅਤੇ ਇਹਨਾਂ ਹੀ ਮਦਾਂ

ਵਿੱਚ ਖ਼ਰਚ ਹੁੰਦਾ ਹੈ । ਮਿਰਜ਼ਾ ਗ਼ੁਲਾਮ ਅਹਮਦ ਦੀ ਆਪਣੀ ਜ਼ਾਤੀ ਆਮਦਨੀ ਸਿਵਾਏ ਜ਼ਿਮੀਂਦਾਰੀ ਜ਼ਮੀਨ ਅਤੇ ਬਾਗ਼ ਦੇ ਹੋਰ ਨਹੀਂ ਹੈ ਜੋ ਟੈਕਸ ਯੋਗ ਹੋਵੇ ਗਵਾਹਾਂ ਵਿੱਚੋਂ ਛੇ ਗਵਾਹ ਬੇਸ਼ਕ ਮੋਹਤਬਰ ਵਿਅਕਤੀ ਹਨ ਪਰ ਮਿਰਜ਼ਾ ਸਾਹਬ ਦੇ ਮੁਰੀਦ ਹਨ । ਅਧਿਕਤਰ ਮਿਰਜ਼ਾ ਗ਼ੁਲਾਮ ਅਹਮਦ ਦੇ ਕੋਲ ਰਹਿੰਦੇ ਹਨ । ਬਾਕੀ ਦੇ ਸੱਤ ਗਵਾਹ ਵੱਖ ਵੱਖ ਪ੍ਰਕਾਰ ਦੇ ਦੁਕਾਨਦਾਰ ਹਨ ਜਿੰਨਾ ਨੂੰ ਮਿਰਜ਼ਾ ਸਾਹਬ ਨਾਲ ਕੁਝ ਵੀ ਸੰਬੰਧ ਨਹੀ ਹੈ । ਇਹ ਸਾਰੇ ਗਵਾਹ ਮਿਰਜ਼ਾ ਗ਼ੁਲਾਮ ਅਹਮਦ ਦੇ ਬਿਆਨ ਦੀ ਤਾਈਦ ਕਰਦੇ ਹਨ ਅਤੇ ਉਸ ਦੀ ਜ਼ਾਤੀ ਆਮਦਨੀ ਸਿਵਾਏ ਜ਼ਿਮੀਂਦਾਰੀ ਜ਼ਮੀਨ ਅਤੇ ਬਾਗ਼ ਦੇ ਹੋਰ ਕਿਸੇ ਪ੍ਰਕਾਰ ਦੀ ਨਹੀਂ ਦਸਦੇ । ਮੈਂ ਮੌਕੇ ਉਪੱਰ ਵੀ ਗੁਪਤ ਰੂਪ ਵਿੱਚ ਮਿਰਜ਼ਾ ਗ਼ਗਲਾਮ ਅਹਮਦ ਦੀ ਆਮਦਨੀ ਬਾਰੇ ਕਈ ਲੋਕਾਂ ਨੂੰ ਪੁੱਛਿਆ ਪਰ ਬੇਸ਼ਕ ਕੁਝ ਵਿਅਕਤੀਆਂ ਤੋਂ ਪਤਾ ਲੱਗਾ ਕਿ ਮਿਰਜ਼ਾ ਗ਼ੁਲਾਮ ਅਹਮਦ ਦੀ ਜ਼ਾਤੀ ਆਮਦਨੀ ਬਹੁਤ ਹੈ ਅਤੇ ਇਹ ਟੈਕਸ ਯੋਗ ਹੈ ਪਰ ਕੋਈ ਵੀ ਪੱਕਾ ਸਬੂਤ ਮਿਰਜ਼ਾ ਸਾਹਬ ਦੀ ਆਮਦਨੀ ਦਾ ਨਹੀਂ ਮਿਲ ਸਕਿਆ । ਜ਼ੁਬਾਨੀ ਚਰਚਾ ਵੇਖੀ ਗਈ ਕੋਈ ਵੀ ਪੂਰਾ ਪੂਰਾ ਸਬੂਤ ਨਾ ਦੇ ਸਕਿਆ । ਮੈਂ ਪਿੰਡ ਕਾਦੀਆਂ ਵਿੱਚ ਮਦਰਸਾ ਅਤੇ ਮਹਿਮਾਨ ਖ਼ਾਨੇ ਦਾ ਵੀ ਨਿਰੀਖਣ ਕੀਤਾ । ਮਦਰਸਾ ਇਸ ਸਮੇਂ ਅਰੰਭਕ ਅਵਸਥਾ ਵਿੱਚ ਹੈ ਅਤੇ ਬਹੁਤੀ ਇਮਾਰਤ ਕੱਚੀ ਬਣੀ ਹੋਈ ਹੈ । ਅਤੇ ਕੁਝ ਮੁਰੀਦਾਂ ਲਈ ਵੀ ਘਰ ਬਣੇ ਹੋਏ ਹਨ । ਪਰ ਮਹਿਮਾਨ ਖ਼ਾਨੇ ਵਿੱਚ ਵਾਸਤਵ ਵਿੱਚ ਮਹਿਮਾਨ ਵੇਖੇ ਗਏ ਅਤੇ ਇਹ ਵੀ ਦੇਖਿਆ ਗਿਆ ਕਿ ਇਸ ਦਿਨ ਜਿੰਨ੍ਹੇ ਮੁਰੀਦ ਕਾਦੀਆਂ ਵਿੱਚ ਮਜੂਦ ਸਨ, ਉਹਨਾ ਨੇ ਮਹਿਮਾਨ ਖ਼ਾਨੇ ਤੋਂ ਹੀ ਖਾਣਾ ਖਾਧਾ ।

ਇਸ ਆਜਜ਼ ਦੀ ਨਾਕਸ ਰਾਏ ਵਿੱਚ ਜੇਕਰ ਮਿਰਜ਼ਾ ਗ਼ੁਲਾਮ ਅਹਮਦ ਦੀ ਜ਼ਾਤੀ ਆਮਦਨੀ ਕੇਵਲ ਜ਼ਿਮੀਂਦਾਰੀ ਅਤੇ ਬਾਗ਼ ਦੀ ਮੰਨੀ ਜਾਵੇ ਜਿਵੇਂ ਕਿ ਸ਼ਹਾਦਤਾਂ ਤੋਂ ਪ੍ਰਕਟ ਹੈ ਜਿੰਨੀ ਆਮਦਨੀ ਮਿਰਜ਼ਾ ਸਾਹਬ ਦੇ ਮੁਰੀਦਾਂ ਰਾਹੀਂ ਹੁੰਦੀ ਹੈ ਉਸਨੂੰ ਖ਼ੈਰਾਤ ਦਾ ਪੈਸਾ ਮੰਨਿਆ ਜਾਵੇ ਜਿਵੇਂ ਕਿ ਗਵਾਹਾਂ ਨੇ ਬਿਆਨ

ਦਿੱਤਾ ਹੈ । ਤਾਂ ਫਿਰ ਮਿਰਜ਼ਾ ਗ਼ੁਲਾਮ ਅਹਮਦ ਉਪੱਰ ਵਰਤਮਾਨ ਇੰਕਮ ਟੈਕਸ ਬਹਾਲ ਨਹੀਂ ਰਹਿ ਸਕਦਾ । ਪਰ ਜੱਦ ਕਿ ਦੂਜੇ ਪਾਸੇ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਮਿਰਜ਼ਾ ਗ਼ੁਲਾਮ ਅਹਮਦ ਇਕ ਮਾਨਯੋਗ ਤੇ ਵੱਡੇ ਖ਼ਾਨਦਾਨ'ਚੋਂ ਹੈ ਅਤੇ ਉਸਦੇ ਵੱਡੇ ਵਡੇਰੇ ਰਈਸ (ਧਨਾਢ) ਰਹੇ ਹਨ ਅਤੇ ਉਹਨਾ ਦੀ ਆਮਦਨੀ ਵੀ ਚੰਗੀ ਰਹੀ ਹੈ ਅਤੇ ਮਿਰਜ਼ਾ ਗ਼ੁਲਾਮ ਅਹਮਦ ਆਪ ਵੀ ਮੁਲਾਜ਼ਮ ਰਿਹਾ ਹੈ ਅਤੇ ਚੰਗੀ ਅਵਸਥਾ ਵਿੱਚ ਰਿਹਾ ਹੈ ਤਾਂ ਅਵਸ਼ ਹੀ ਗੁਮਾਨ ਹੁੰਦਾ ਹੈ ਕਿ ਮਿਰਜ਼ਾ ਗ਼ੁਲਾਮ ਅਹਮਦ ਇਕ ਮਾਲਦਾਰ ਵਿਅਕਤੀ ਹੈ ਅਤੇ ਟੈਕਸ ਯੋਗ ਹੈ । ਮਿਰਜ਼ਾ ਸਾਹਬ ਦੇ ਆਪਣੇ ਬਿਆਨ ਅਨੁਸਾਰ ਵਰਤਮਾਨ ਵਿੱਚ ਹੀ ਉਸਨੇ ਆਪਣਾ ਬਾਗ਼ ਆਪਣੀ ਪਤਨੀ ਕੋਲ ਗਿਰਵੀ ਰੱਖ ਕੇ ਉਸ ਤੋਂ ਚਾਰ ਹਜ਼ਾਰ ਰੁਪਏ ਦੇ ਗਹਿਣੇ ਅਤੇ ਇਕ ਹਜ਼ਾਰ ਰੁਪਏ ਨਕਦ ਲਏ ਹਨ । ਜਿਸ ਵਿਅਕਤੀ ਦੀ ਪਤਨੀ ਇੰਨੇ ਰੁਪਏ ਦੇ ਸਕਦੀ ਹੋਵੇ ਉਸ ਬਾਰੇ ਜ਼ਰੂਰ ਗ਼ੁਮਾਨ ਹੁੰਦਾ ਹੈ ਕਿ ਉਹ ਮਾਲਦਾਰ ਹੋਵੇਗਾ । ਨਾਚੀਜ਼ ਨੇ ਜਿੰਨੀ ਵੀ ਤਹਿਕੀਕ ਕੀਤੀ ਉਹ ਮਿਸਲ ਨਾਲ ਨੱਥੀ ਹੈ । ਆਪ ਜੀ ਦੀ ਆਗਿਆ ਅਨੁਸਾਰ ਨਿਮਨ ਰਿਪੋਰਟ ਆਪਦੀ ਸੇਵਾ ਵਿੱਚ ਪੇਸ਼ ਹੈ ।

ਆਜਜ਼

ਤਾਜਦੀਨ ਤਹਿਸੀਲਦਾਰ

ਤਹਿਸੀਲ ਬਟਾਲਾ ਮਿਤੀ – **31** ਅਗਸਤ **1898** ਈ.

ਫਿਰ ਇਹ ਕਿ ਮੁਖ਼ਤਾਰ ਵਕੀਲ ਮਿਰਜ਼ਾ ਗ਼ੁਲਾਮ ਅਹਮਦ ਨੂੰ ਆਪਦੀ ਅਦਾਲਤ ਵਿੱਚ ਪੇਸ਼ ਹੋਣ ਲਈ **3** ਸਤੰਬਰ **1898** ਈ. ਦੀ ਮਿਤੀ ਦਿੱਤੀ ਗਈ ਹੈ ।

ਸਹੀ ਹਾਕਮ

ਲੇਖ ਦਿਨਾਂਕ ਸਦਰ ਹਸਤਾਖ਼ਰ ਨਿਆਇਕਰਤਾ

ਨਕਲ ਹੁਕਮ ਬ ਸੀਗ਼ਾ ਉਜ਼ਰਦਾਰੀ ਟੈਕਸ ਇਜਲਾਸੀ ਟੀ ਡਿਕਸਨ ਸਾਹਬ ਡਿਪਟੀ ਕਮਿਸ਼ਨਰ ਗੁਰਦਾਸਪੁਰ ।

ਮਿਸਲ ਉਜ਼ਰਦਾਰੀ ਇੰਕਮ ਟੈਕਸ ਬਨਾਮ ਮਿਰਜ਼ਾ ਗ਼ੁਲਾਮ ਅਹਮਦ ਪੁਤੱਰ ਗ਼ੁਲਾਮ ਮੁਰਤਜ਼ਾ, ਜਾਤ ਮੁਗ਼ਲ ਵਾਸੀ ਕਾਦੀਆਂ ਤਹਿਸੀਲ ਬਟਾਲਾ
ਜ਼ਿਲਾ ਗੁਰਦਾਸਪੁਰ ।

ਅੱਜ ਇਹ ਕਾਗ਼ਜ਼ਾਤ ਪੇਸ਼ ਹੋਕੇ ਰਿਪੋਰਟ ਤਹਿਸੀਲਦਾਰ ਸਾਹਬ ਸਮਾਅਤ ਹੋਈ । ਇਸ ਸਮੇਂ ਇਹ ਮਿਸਲ ਗ਼ੌਰ ਹੇਠ ਹੈ । ਸ਼ੇਖ਼ ਅਲੀ ਅਹਮਦ ਵਕੀਲ ਅਤੇ ਮੁਖ਼ਤਾਰ ਉਜ਼ਰਦਾਰ ਹਾਜ਼ਰ ਹਨ । ਉਹਨਾਨੂੰ ਸੂਚਨਾ ਦਿੱਤੀ ਗਈ ।

ਸਹੀ ਹਾਕਮ ਮਿਤੀ – 03/09/98

ਨਕਲ ਅਨੁਵਾਦ ਹੁਕਮ ਅਖ਼ੀਰ ਬ ਸੀਗ਼ਾ ਉਜ਼ਰਦਾਰੀ ਟੈਕਸ ਇਜਲਾਸੀ ਮਿਸਟਰ ਟੀ ਡਿਕਸਨ ਸਾਹਬ ਡਿਪਟੀ ਕਮਿਸ਼ਨਰ ਗੁਰਦਾਸਪੁਰ ।

# ਅਨੁਵਾਦ ਹੁਕਮ

ਇਹ ਨਵਾਂ ਟੈਕਸ ਲਾਇਆ ਗਿਆ ਹੈ ਅਤੇ ਮਿਰਜ਼ਾ ਗ਼ੁਲਾਮ ਅਹਮਦ ਦਾ ਦਾਵਾ ਹੈ ਕਿ ਉਸਦੀ ਸਾਰੀ ਆਮਦਨੀ ਉਸਦੇ ਜ਼ਾਤੀ ਕਾਰੋਬਾਰ ਉਪੱਰ ਖਰਚ ਨਹੀਂ ਹੁੰਦੀ ਸਗੋਂ ਇਸ ਫ਼ਿਰਕੇ ਦੇ ਖ਼ਰਚਿਆਂ ਉਪੱਰ ਖ਼ਰਚ ਹੁੰਦੀ ਹੈ ਜੋ ਕਿ ਉਸਨੇ ਬਣਾਇਆ ਹੈ । ਉਹ ਸਵੀਕਾਰ ਕਰਦਾ ਹੈ ਕਿ ਉਸਦੇ ਕੋਲ ਹੋਰ ਜਾਇਦਾਦ ਵੀ ਹੈ ਪਰ ਉਸਨੇ ਤਹਿਸੀਲਦਾਰ ਦੇ ਸਾਹਮਣੇ ਵਰਨਣ ਕੀਤਾ ਕਿ ਉਹ ਆਦਨੀ ਵੀ ਜੋ ਜ਼ਿਮੀਂਦਾਰੀ ਜ਼ਮੀਨ ਦੀ ਖੇਤੀ ਦੀ ਹੈ ਅਤੇ ਜ਼ੇਰੇ ਦਫ਼ਾ 5 (ਬੇ) ਮੁਕਤ ਹੈ ਧਾਰਮਕ ਖਰਚਿਆਂ ਵਿੱਚ ਜਾਂਦੀ ਹੈ । ਅਸੀਂ ਉਸ ਵਿਅਕਤੀ ਦੀ ਨੇਕ ਨੀਤੀ ਉਪੱਰ ਸੰਦੇਹ ਕਰਨ ਲਈ ਕੋਈ ਕਾਰਨ ਨਹੀਂ ਲਭਦੇ ਅਤੇ ਅਸੀਂ ਉਸਦੀ ਆਮਦਨੀ ਜੋ ਚੰਦੇ ਦੇ ਰੂਪ ਵਿੱਚ ਹੈ ਉਹ 5200 ਰੁਪਏ ਬਿਆਨ ਕਰਦਾ ਹੈ ਮੁਆਫ਼ ਕਰਦੇ ਹਾਂ । ਕਿਉਂਕਿ ਜ਼ੇਰੇ ਦਫ਼ਾ (5) (ੳ) ਕੇਵਲ ਧਾਰਮਕ ਉਦੇਸ਼ਿਆਂ ਲਈ ਖਰਚ ਕੀਤੀ ਜਾਂਦੀ ਹੈ । ਇਸ ਲਈ ਹੁਕਮ ਹੋਇਆ ਕਿ
ਜ਼ਾਬਤੇ ਦੀ ਕਾਰਵਾਈ ਮਗਰੋਂ ਨਿਮਨ ਕਾਗ਼ਜ਼ਾਤ ਦਾਖ਼ਲੇ ਦਫ਼ਤਰ ਕੀਤੇ ਜਾਣ ।
ਲੇਖਣੀ ਮਿਤੀ 17/09/98 ਅਸਥਾਨ ਡਲਹੌਜ਼ੀ ।

ਸਹੀ ਹਾਕਮ

ਇਸ ਥਾਂ ਅਸੀਂ ਅਸਲ ਅਖ਼ੀਰ ਹੁਕਮ ਅੰਗ੍ਰੇਜ਼ੀ ਦੀ ਨਕਲ ਅਨੁਵਾਦ ਸਹਿਤ ਦੇ ਦਿੰਦੇ ਹਾਂ ।

In the court of F.T. Dixon Esquire Collector of the District of Gurdaspur .
Incom Tex objection case no.46 of 1898.
Mirza Ghulam Ahamed son of Mirza Ghulam Murtaza, caste Mughal, resident of mauzah Qadian Mughlan, tahsil Batala, Distt. Of Gurdaspur objector.

## ORDER

This tax is newly imposed one and Mirza Ghulam Ahmad claim that all his income is applied not to his personal but to the expenses of sect he has founded. He admits that he has other property but he stated to the Tahsildar that even the proceeds of that which is classed as land and the proceeds of agriculture and is exempt under 5 (b) go to his religious expenses. I see no reason to doubt the bonafides of this man, whose sect is well known, and I exempt his income from subscriptions which he ststes as 5200/- Under sec 5 (c) as being solely employed in religious purposes.

Sd. T. Dixon
Dated 17-09-1998 Collector

## ਅਨੁਵਾਦ

**ਬ ਅਦਾਲਤ ਟੀ. ਡਿਕਸਨ ਸਾਹਬ ਕਲੈਕਟਰ ਜ਼ਿਲਾ ਗੁਰਦਾਸਪੁਰ**
**ਮੁਕਦੱਮਾ ਨੰਬਰ 46 ਸਨ 98 ਬਾਬਤ ਉਜ਼ਰਦਾਰੀ ਇੰਕਮ ਟੈਕਸ**
**ਮਿਰਜ਼ਾ ਗ਼ੁਲਾਮ ਅਹਮਦ ਪੁਤੱਰ ਮਿਰਜ਼ਾ ਗ਼ੁਲਾਮ ਮੁਰਤਜ਼ਾ, ਜਾਤ ਮੁਗ਼ਲ, ਵਾਸੀ ਕਾਦੀਆਂ ਮੁਗ਼ਲਾਂ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ, ਉਜ਼ਰਦਾਰ ।**

# ਹੁਕਮ (ਆਦੇਸ਼)

ਇਹ ਟੈਕਸ ਹੁਣ ਹੀ ਲਾਇਆ ਗਿਆ ਹੈ । ਅਤੇ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਬਿਆਨ ਕਰਦੇ ਹਨ ਕਿ ਇਹ ਸਾਰੀ ਆਦਨੀ ਮੇਰੀ ਜਮਾਤ ਲਈ ਖਰਚ ਹੁੰਦੀ ਹੈ । ਮੇਰੀ ਜ਼ਾਤੀ ਖਰਚ ਵਿੱਚ ਨਹੀਂ ਆਉਂਦੀ । ਉਹ ਇਸ ਗੱਲ ਨੂੰ ਵੀ ਕੁਬੂਲ ਕਰਦੇ ਹਨ ਕਿ ਮੇਰੀ ਹੋਰ ਵੀ ਜਾਇਦਾਦ ਹੈ । ਪਰ ਤਹਿਸੀਲਦਾਰ ਸਾਹਬ ਦੇ ਸਾਹਮਣੇ ਉਹਨਾਂ ਨੇ ਬਿਆਨ ਕੀਤਾ ਹੈ ਕਿ ਇਸ ਮੇਰੀ ਜਾਇਦਾਦ ਦੀ ਆਮਦਨੀ ਵੀ ਜੋ ਜ਼ਮੀਨ ਦੀ ਜ਼ਿਮੀਂਦਾਰੀ ਅਤੇ ਪੈਦਾਵਾਰ ਤੋਂ ਹੈ ਜ਼ੇਰੇ ਦਫ਼ਾ 5 (ਬੇ) ਇੰਕਮ ਟੈਕਸ ਤੋਂ ਮੁਕਤ ਹੈ ਧਾਰਮਕ ਖਰਚਿਆਂ ਵਿੱਚ ਖਰਚ ਹੁੰਦੀ ਹੈ । ਇਸ ਵਿਅਕਤੀ ਦੇ ਬਿਆਨ ਦੀ ਨੇਕਨੀਤੀ ਵਿੱਚ ਸ਼ੰਕਾ ਕਰਨ ਦਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ । ਜਿਸਦੀ ਜਮਾਤ ਨੂੰ ਹਰ ਕੋਈ ਜਾਣਦਾ ਹੈ । ਮੈਂ ਉਹਨਾਂ ਦੀ ਚੰਦਿਆਂ ਦੀ ਆਮਦਨੀ ਨੂੰ ਜਿਸਦੀ ਗਿਣਤੀ ਉਹ 5200 ਰੁਪਏ ਵਰਨਣ ਕਰਦੇ ਹਨ ਅਤੇ ਜੋ ਕੇਵਲ ਧਾਰਮਕ ਕਾਰਜਾਂ ਉਪੱਰ ਖਰਚ ਹੁੰਦੀ ਹੈ ਜ਼ੇਰੇ ਦਫ਼ਾ 5 (ਈ) ਇੰਕਮ ਟੈਕਸ ਤੋਂ ਮੁਕਤ ਕਰਦਾ ਹਾਂ ।

ਦਸਤਖ਼ਤ

ਟੀ. ਡਿਕਸਨ ਸਾਹਬ ਬਹਾਦਰ ਕਲਕਟਰ

ਮਿਤੀ 17 ਸਤੰਬਰ ਸਨ 98 ਈ.

ਨੋਟ : ਜਿਸ ਪੁਸਤਕ'ਤੇ ਲੇਖਕ ਦੇ ਹਸਤਾਖ਼ਰ ਤੇ ਮੁਹਰ ਨ ਹੋਵੇ ਉਹ ਚੋਰੀ ਦੀ ਸਮਝੀ ਜਾਵੇਗੀ ।

ਲੇਖਕ : ਮਿਰਜ਼ਾ ਗ਼ੁਲਾਮ ਅਹਮਦ

ਮਿਤੀ : 20 ਅਕਤੂਬਰ 1998 ਈ.